MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 09 ISSUE : 15 SATURDAY, 10 APRIL, 2021
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

## 13 ਕਿਲੋ ਹੈਰੋਇਨ ਨਾਲ ਕਾਬੂ ਕੀਤਾ ਗੁਰਪ੍ਰੀਤ ਮੰਡ ਅਦਾਲਤ 'ਚੋਂ ਬਰੀ



ਵਿਕਟੋਰੀਆ-ਇਕ ਜੱਜ ਨੇ ਇਕ ਵਿਅਕਤੀ ਨੂੰ ਬਰੀ ਕਰ ਦਿੱਤਾ ਜਿਹੜਾ ਆਪਣੀ ਕਾਰ ਅੰਦਰ ਟਰੰਕ ਵਿਚ ਰੱਖੀ 13 ਕਿਲੋ ਹੈਰੋਇਨ ਨੂੰ ਸਰਹੱਦ ਤੋਂ ਪਾਰ ਲਿਜਾਣ ਦੀ ਕੋਸ਼ਿਸ਼ ਕਰਦੇ ਸਮੇਂ ਫੜਿਆ ਗਿਆ ਸੀ। 18 ਅਗਸਤ 2017 ਨੂੰ ਡਗਲਸ ਬਾਰਡਰ ਕਰੋਸਿੰਗ 'ਤੇ ਹਿਰਾਸਤ ਵਿਚ ਲਏ ਜਾਣ ਪਿੱਛੋਂ ਗੁਰਪ੍ਰੀਤ ਮੰਡ 'ਤੇ ਗੈਰਕਾਨੂੰਨੀ ਤੌਰ 'ਤੇ ਹੈਰੋਇਨ ਦਰਾਮਦ ਕਰਨ ਅਤੇ ਤਸਕਰੀ ਦੇ ਮਕਸਦ ਨਾਲ ਹੈਰੋਇਨ ਕੋਲ ਰੱਖਣ ਦੇ ਦੋਸ਼ ਲਾਏ ਗਏ ਸਨ। ਮੰਡ ਜਿਹੜਾ ਡੰਪ ਟਰੱਕ ਡਰਾਈਵਰ ਵਜੋਂ ਕੰਮ ਕਰਦਾ ਸੀ ਨੇ ਪਹਿਲਾਂ ਸਰਹੱਦ ਦੇ ਆਰ ਪਾਰ ਟਰੱਕ ਚਲਾਉਣ ਦਾ ਕੰਮ ਕੀਤਾ ਸੀ ਅਤੇ ਉਸ ਸਮੇਂ ਹੰਡੂਈ ਐਕਸੈਂਟ ਕਾਰ ਚਲਾ ਰਿਹਾ ਸੀ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਬਿਆਨ ਦਿੱਤਾ ਕਿ ਉਹ ਸਰਹੱਦ ਪਾਰ ਦੋਸਤ ਤੇ ਸਾਥੀ ਟਰੱਕ ਡਰਾਈਵਰ ਪ੍ਰਿਥੀ ਸਿੱਧੂ ਦੀ ਮਦਦ ਲਈ ਗਿਆ ਸੀ ਜਿਸ ਦਾ ਟਰੱਕ ਵਾਸ਼ਿੰਗਟਨ ਸੂਬੇ ਵਿਚ ਖਰਾਬ ਹੋ ਗਿਆ ਸੀ। ਰੈਸਟ ਏਰੀਆ ਵਿਚ ਟਰੱਕ ਦੀ ਮਕੈਨੀਕਲ ਸਮੱਸਿਆ ਵਿਚ ਮਦਦ ਕਰਨ ਪਿੱਛੋਂ ਉਹ ਆਪਣੀ ਕਾਰ ਵਿਚ ਬੈਠ ਗਿਆ ਅਤੇ ਸਰਹੱਦ ਵੱਲ ਨੂੰ ਤੁਰ ਪਿਆ। ਕੈਨੇਡਾ ਬਾਰਡਰ ਏਜੰਸੀ ਦੇ ਅਧਿਕਾਰੀਆਂ ਨੇ ਉਸ ਦੀ ਕਾਰ ਵਿਚੋਂ ਨੀਲੇ ਰੰਗ ਦਾ ਸੂਟ ਕੇਸ (ਬਾਕੀ ਸਫ਼ਾ 10 'ਤੇ)

# ਐਸਟਰਾਜ਼ੇਨਕਾ ਤੇ ਦਿਮਾਗ 'ਚ ਦੁਰਲੱਭ ਖ਼ੂਨ ਦੇ ਥੱਕੇ ਬਣਨ ਵਿਚਕਾਰ ਸਬੰਧ

## ਯੂਰਪੀਨ ਮੈਡੀਸਨ ਏਜੰਸੀ ਨੇ ਐਸਟਰਾਜੈਨਕਾ ਬਾਰੇ ਸ਼ੰਕੇ ਵਧਾਏ

ਓਟਵਾ-ਯੂਰਪੀਨ ਮੈਡੀਸਨਸ ਏਜੰਸੀ (ਈਐਮਏ) ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਕੋਵਿਡ-19 ਲਈ ਐਸਟਰਾਜ਼ੇਨਕਾ ਟੀਕੇ ਅਤੇ ਦਿਮਾਗ ਵਿਚ ਦੁਰਲੱਭ ਖ਼ੂਨ ਦੇ ਥੱਕੇ ਬਣਨ ਵਿਚਕਾਰ ਸਬੰਧ ਹੈ ਪਰ ਇਸ ਦੇ ਸੰਭਾਵਤ ਕਾਰਨ ਬਾਰੇ ਅਜੇ ਜਾਣਕਾਰੀ ਨਹੀਂ। ਈਐਮਏ ਵਿਖੇ ਟੀਕਾ ਮੁਲਾਂਕਣ ਟੀਮ ਦੇ ਚੇਅਰਮੈਨ ਮਾਰਕੋ ਕਵੇਲਰੀ ਨੇ ਇਟਲੀ ਦੇ ਇਕ ਰੋਜ਼ਾਨਾਂ ਅਖਬਾਰ ਨੂੰ ਦੱਸਿਆ ਕਿ ਮੇਰੀ ਰਾਇ ਮੁਤਾਬਿਕ ਅਸੀਂ ਹੁਣ ਕਹਿ ਸਕਦੇ ਹੈ ਕਿ ਇਹ ਗੱਲ ਸਪੱਸ਼ਟ ਹੋ ਗਈ ਕਿ ਖ਼ੂਨ ਵਿਚ ਥੱਕੇ ਬਣਨ ਦੀ ਗੱਲ ਟੀਕੇ ਨਾਲ ਜੁੜੀ ਹੋਈ ਹੈ। ਪਰ ਸਾਨੂੰ ਇਸ ਰੀਐਕਸ਼ਨ ਦੇ ਕਾਰਨਾਂ ਬਾਰੇ ਅਜੇ ਜਾਣਕਾਰੀ ਨਹੀਂ। ਕਵੇਲਰੀ ਨੇ ਅੱਗੇ ਕਿਹਾ ਕਿ ਈਐਮਏ ਇਹ ਕਹੇਗਾ ਕਿ ਲਿੰਕ ਵਾਲੀ ਗੱਲ ਮੌਜੂਦ ਹੈ ਭਾਵੇਂ ਰੈਗੂਲੇਟਰ ਇਸ ਹਫਤੇ ਉਨ੍ਹਾਂ ਵਿਅਕਤੀਆਂ ਦੀ ਉਮਰ ਸਬੰਧੀ ਸੰਕੇਤ ਦੇਣ ਦੇ ਸਮਰਥ ਨਾ ਹੋਵੇ ਕਿ ਕਿਸ ਨੂੰ ਐਸਟਰਾਜ਼ੇਨਕਾ ਟੀਕਾ ਲਗਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਆਪਣੀਆਂ ਟਿੱਪਣੀਆਂ ਲਈ ਸਬੂਤ ਮੁਹੱਈਆ ਨਹੀਂ ਕੀਤਾ। ਐਸਟਰਾਜ਼ੇਨਕਾ ਦੀ ਇਸ ਬਾਰੇ ਤੁਰੰਤ ਟਿੱਪਣੀ ਨਹੀਂ ਮਿਲ ਸਕੀ। ਇਸ ਤੋਂ ਪਹਿਲਾਂ ਕਿਹਾ ਗਿਆ ਸੀ ਕਿ ਅਧਿਐਨ ਵਿਚ ਪਾਇਆ ਗਿਆ ਕਿ ਟੀਕੇ ਕਾਰਨ ਖ਼ੂਨ ਵਿਚ ਥੱਕੇ ਬਣਨ ਦਾ ਖ਼ਤਰਾ ਨਹੀਂ। ਵਿਸ਼ਵ ਸਿਹਤ ਸੰਗਠਨ ਨੇ ਵੀ ਟੀਕੇ ਦਾ ਸਮਰਥਨ ਕੀਤਾ ਹੈ।




# ਕੋਵਿਡ-19 ਪਾਬੰਦੀਆਂ ਵਿਰੋਧੀ ਰੈਲੀ ਲਈ ਤਿੰਨ ਵਿਅਕਤੀਆਂ ਨੂੰ ਜ਼ੁਰਮਾਨਾ

ਸਰੀ-ਸਨਿਚਰਵਾਰ ਨੈਲਸਨ ਵਿਚ ਅਖੌਤੀ ਫਰੀਡਮ ਰੈਲੀ ਦੇ ਤਿੰਨ ਪ੍ਰਬੰਧਕਾਂ ਨੂੰ ਬੀਸੀ ਕੋਵਿਡ-19 ਪਾਬੰਦੀਆਂ ਦੀ ਉਲੰਘਣਾ ਲਈ ਜ਼ੁਰਮਾਨਾ ਕੀਤਾ ਗਿਆ ਹੈ। ਨੈਲਸਨ ਪੁਲਿਸ ਨੇ ਦੱਸਿਆ ਕਿ ਕੋਵਿਡ-19 ਨਾਲ ਸਬੰਧਤ ਦਿਸ਼ਾਨਿਰਦੇਸ਼ਾਂ, ਉਪਾਵਾਂ ਅਤੇ ਬਣਾਏ ਕਾਨੂੰਨਾਂ ਬਾਰੇ ਸਪੀਕਰਾਂ ਦੇ ਵਿਚਾਰ ਸੁਣਨ ਲਈ 150 ਵਿਅਕਤੀ ਨੈਲਸਨ ਸਿਟੀ ਹਾਲ ਵਿਖੇ ਇਕੱਤਰ ਹੋਏ ਸਨ। ਕੂਟਨੇ ਸਿਟੀ ਦੇ ਡਾਊਨਟਊਨ ਰਾਹੀਂ ਮਾਰਚ ਦੌਰਾਨ ਆਪਣੇ ਪਾਬੰਦੀਆਂ ਵਿਰੋਧੀ (ਬਾਕੀ ਸਫ਼ਾ 10 'ਤੇ)

A.S. MATTOO & ASSOCIATES - LAW OFFICE
*Denotes professional corporation
- ਰੀਅਲ ਅਸਟੇਟ
- ਘਰਾਂ ਦੇ ਤਬਾਦਲੇ
- ਕਮਰਸ਼ੀਅਲ ਰੀਅਲ ਅਸਟੇਟ
- ਮੋਰਟਗੇਜ਼
- ਵਸੀਅਤ ਤੇ ਜਾਇਦਾਦ
- ਵਿਰਾਸਤ ਕੇਸ
ਅਸੀਂ ਆਪਣੇ ਨਵੇਂ ਦਫਤਰ ਯੌਰਕ ਬਿਜ਼ਨੈਸ ਸੈਂਟਰ ਵਿਚ ਮੂਵ ਹੋ ਗਏ ਹਾਂ
AMRIK S. (STEVE) MATTOO
604-572-6000
#211 - 7928 128th St., Surrey (YORK BUSINESS CENTRE)
Fax: 604-572-6001 | amrik@mattoolaw.com
TIMING: MON - FRI 9:00 AM TO 5:00 PM

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰ੍ਹਿਆਂ ਤੋਂ ਵੱਧ ਦਾ ਤਜ਼ਰਬਾ
ਮੁਫ਼ਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S- KALSEY AVINEET S- KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

ANOOP S. BAINS
BARRISTER & SOLICITOR
Suite 214 - 6678 - 152nd St., Surrey B.C.
ਆਈ ਸੀ ਬੀ ਸੀ ਅਤੇ ਪਰਸਨਲ ਇੰਜਰੀ ਕਲੇਮ
ਅਸੀਂ ਸਿਰਫ ਆਈ.ਸੀ.ਬੀ.ਸੀ ਦੇ ਕੇਸ ਹੀ ਲੜਦੇ ਹਾਂ
Anoop Bains
604-547-3178
anoop@bainslaw.ca

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Punjab Insurance Agency Inc.
ਸੁਪਰ ਵੀਜ਼ਾ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ • ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲੀਟੀ ਇੰਸ਼ੋਰੈਂਸ • ਟਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- RRSP & RESP
RASHMI AHUJA 604-603-1313 rashmi@punjabinsurance.ca
www.punjabinsurance.ca
SANDEEP AHUJA, CHS 604-996-6862 sandeepahuja@punjabinsurance.ca

ਇੰਸ਼ੋਰੈਂਸ ਦੇ ਮਾਹਰ
A INSURANCE
- ਲਾਇਫ ਇੰਸ਼ੋਰੈਂਸ
ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

PHANTOM TIRES & REPAIRS
Wholesale Open to Public
New, Used Tires & Wheels
Grease & Oil Change
Brakes & Suspension
Tire Rotation & Tune Ups
Interior Detailing & Wash
Mobile Service Available
Special Oil Change Starts $29.99
C: 604.503.8553 | C: 778.891.2159
#109-12885 85 Ave., Surrey
Entrance on 86 Ave next to Dasmesh Darbar

ACROSS BORDER VISA INC.
THE HOUSE OF IMMIGRATION
ਅਸੀਂ ਹਰ ਤਰ੍ਹਾਂ ਦੀਆਂ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
PIER iccrc crcic ICEF AAERI
Avinash Kaur Director - RCIC 778-903-1243
Pushpinder Singh Virk Director-Overseas 604-503-6601
#206-12888 80th Ave., Surrey (York Business Center)
info@acrossbordervisa.com | www.acrossbordervisa.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਅਤੇ ਤਜ਼ਰਬੇਕਾਰ ਵਰਕਰਾਂ ਦੀ ਜ਼ਰੂਰਤ। ਵਧੀਆ ਤਨਖਾਹ, ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਨ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002

S T & A Simpson, Thomas & Associates
TRIAL LAWYERS

CELEBRATING 50 YEARS
*"The name that you know and trust"*

"Simpson, Thomas & Associates are a legal dream team. No other law firm could have fought this claim as it takes a lot of resources to fight a case of this nature."
– Former client commenting on the Jago wedding tragedy

# B.C.'s Pioneering Law Firm for Motor Vehicle Cases

For over 50 years Simpson, Thomas & Associates (formerly Simpson & Company) have been advocates for victims seeking justice.

A+ Rated BBB ACCREDITED BUSINESS

"Many thanks to you and your team. Because of your assistance, we felt less stress and were able to focus on my father while you took care of the rest. Each time you attended our residence you left us feeling relieved."
– B.Sekhon

Our history of successfully settling ICBC claims has garnered respect from our clients, and within the legal and rehabilitation communities in B.C.

- Brain Injury
- Paraplegia
- Quadriplegia
- Spinal Cord Injury

**Translation Services Available**
STA has support staff fluent in Punjabi, Hindi and Gujarati.

**Your Needs Come First**
If mobility is a challenge, we can come to you.



**Adam Ueland**
LAWYER

**Call Adam on 604-689-8888 to set up a complimentary consultation or visit our website at simpsonthomas.com**

We have offices in Vancouver, Surrey/Delta, Abbotsford* and Burnaby.*
*By appointment only

**Caring. Compassionate. Community-Focussed.**

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXIO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 09 ISSUE : 15 SATURDAY, 10 APRIL, 2021
www.punjablinkpaper.com 604-503-5465

Harbir Kaur Deol
Notary Public
• Statutory Declarations
• Travel Consent Letters
• Power of Attorney
• Invitation Letters
• Sales & Purchase
• Family Transfer
• Wills & Estate
• Refinancing
• Affidavits
604.503.3060
#110 - 13049 76th Ave., Surrey
BC Notaries info@deolnotary.com

# ਪੰਜਾਬ ਵਿਚ 30 ਅਪ੍ਰੈਲ ਤੱਕ ਸਿਆਸੀ ਇਕੱਠ ਕਰਨ ਤੇ ਹੋਰ ਪਾਬੰਦੀਆਂ ਲਾਗੂ

## ਵਿਦਿਅਕ ਅਦਾਰੇ ਵੀ ਬੰਦ ਰੱਖਣ ਦੇ ਆਦੇਸ਼-ਰਾਤ ਦਾ ਕਰਫਿਊ ਜਾਰੀ

ਚੰਡੀਗੜ੍ਹ-ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕੋਵਿਡ ਮਹਾਮਾਰੀ ਦੀ ਦੂਜੀ ਲਹਿਰ ਦੌਰਾਨ ਸਖ਼ਤ ਪੇਸ਼ਬੰਦੀਆਂ ਕਰਦਿਆਂ ਪੰਜਾਬ ਭਰ 'ਚ ਰਾਤਰੀ ਕਰਫਿਊ ਲਗਾਉਣ ਦਾ ਐਲਾਨ ਕੀਤਾ ਹੈ, ਜੋ ਕਿ 30 ਅਪਰੈਲ ਤੱਕ ਲਾਗੂ ਰਹੇਗਾ। ਪਹਿਲਾਂ ਰਾਤਰੀ ਕਰਫਿਊ ਸਿਰਫ ਦਰਜਨ ਜ਼ਿਲ੍ਹਿਆਂ ਤੱਕ ਸੀਮਤ ਸੀ। ਹੁਣ ਸਮੁੱਚੇ ਪੰਜਾਬ 'ਚ ਰਾਤ ਨੂੰ 9 ਵਜੇ ਤੋਂ ਸਵੇਰ ਪੰਜ ਵਜੇ ਤੱਕ ਰਾਤਰੀ ਕਰਫਿਊ ਰਹੇਗਾ। ਮੈਡੀਕਲ ਤੇ ਨਰਸਿੰਗ ਕਾਲਜਾਂ ਨੂੰ ਛੱਡ ਕੇ ਬਾਕੀ ਸਕੂਲਾਂ ਸਮੇਤ ਵਿੱਦਿਅਕ ਅਦਾਰੇ ਵੀ 30 ਅਪਰੈਲ ਤੱਕ ਬੰਦ ਰਹਿਣਗੇ। ਇਸ ਦੇ ਨਾਲ ਹੀ ਸੂਬਾ ਸਰਕਾਰ ਨੇ 30 ਅਪਰੈਲ ਤੱਕ ਸਿਆਸੀ ਇਕੱਠਾਂ 'ਤੇ ਵੀ ਮੁਕੰਮਲ ਪਾਬੰਦੀ ਲਾ ਦਿੱਤੀ ਹੈ। ਉਲੰਘਣਾ ਦੀ ਸੂਰਤ 'ਚ ਸਿਆਸੀ ਆਗੂਆਂ ਸਮੇਤ ਹੋਰਨਾਂ 'ਤੇ ਡੀਐੱਮਏ ਅਤੇ ਮਹਾਮਾਰੀ (ਐਪੀਡੈਮਿਕਸ) ਐਕਟ ਤਹਿਤ ਕੇਸ ਦਰਜ ਹੋਣਗੇ। ਪੰਜਾਬ ਸਰਕਾਰ ਨੇ ਕਰੀਬ ਇੱਕ ਸਾਲ ਮਗਰੋਂ ਕੋਵਿਡ ਕੇਸਾਂ ਦੀ ਵਧਦੀ ਗਿਣਤੀ ਦੇ ਮੱਦੇਨਜ਼ਰ ਸਖ਼ਤ ਪਾਬੰਦੀਆਂ ਲਾਈਆਂ ਹਨ। ਮੁੱਖ ਮੰਤਰੀ ਵੱਲੋਂ ਕੋਵਿਡ ਹਾਲਾਤ 'ਤੇ ਨਜ਼ਰਸਾਨੀ ਲਈ ਅੱਜ ਹਫਤਾਵਾਰੀ ਸਮੀਖਿਆ ਮੀਟਿੰਗ ਦੌਰਾਨ ਲਏ ਨਵੇਂ ਫੈਸਲਿਆਂ ਤਹਿਤ ਹੁਣ ਸਰਕਾਰੀ ਮੁਲਾਜ਼ਮਾਂ ਲਈ ਦਫਤਰੀ ਸਮੇਂ ਦੌਰਾਨ ਮਾਸਕ ਪਾਉਣਾ ਲਾਜ਼ਮੀ ਕਰਾਰ ਦਿੱਤਾ ਗਿਆ ਹੈ। ਦੂਸਰੀ ਤਰਫ ਸ਼ਾਪਿੰਗ ਮਾਲਜ਼ ਦੇ ਦੁਕਾਨਦਾਰਾਂ ਨੂੰ ਰਾਹਤ ਦਿੱਤੀ ਗਈ ਹੈ। ਹਰ ਦੁਕਾਨ ਵਿੱਚ ਕਿਸੇ ਵੀ ਸਮੇਂ 10 ਵਿਅਕਤੀਆਂ ਨੂੰ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਗਈ ਹੈ, ਮਤਲਬ ਕਿ ਕਿਸੇ ਵੀ ਸਮੇਂ 20 ਦੁਕਾਨਾਂ ਵਾਲੇ ਮਾਲ ਵਿੱਚ 200 ਵਿਅਕਤੀ ਦਾਖਲ ਹੋ ਸਕਦੇ ਹਨ। ਇਸੇ ਤਰ੍ਹਾਂ ਹੀ ਅੰਤਿਮ ਰਸਮਾਂ/ਦਾਹ-ਸਸਕਾਰਾਂ/ਵਿਆਹਾਂ ਮੌਕੇ ਹੋਣ ਵਾਲੇ ਅੰਦਰੂਨੀ ਇਕੱਠਾਂ ਲਈ ਵਿਅਕਤੀਆਂ ਦੀ ਗਿਣਤੀ 50 ਅਤੇ ਬਾਹਰੀ ਇਕੱਠਾਂ ਲਈ ਇਹ ਗਿਣਤੀ 100 ਤੱਕ ਸੀਮਤ ਕਰਨ ਦੇ ਵੀ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਸਖ਼ਤ ਪਾਬੰਦੀਆਂ ਤੋਂ ਬਿਨਾਂ ਕੋਈ ਰਾਹ ਨਹੀਂ ਬਚਿਆ ਸੀ। ਉਨ੍ਹਾਂ ਨੂੰ ਸਿਆਸੀ ਇਕੱਠਾਂ 'ਤੇ ਪਾਬੰਦੀ ਲਾਉਣ ਲਈ ਮਜਬੂਰ ਹੋਣਾ ਪਿਆ ਹੈ ਕਿਉਂਕਿ ਸਿਆਸੀ ਪਾਰਟੀਆਂ ਨੇ ਅਪੀਲਾਂ ਨੂੰ ਵੀ ਦਰਕਿਨਾਰ ਕਰ ਦਿੱਤਾ ਸੀ ਜਦੋਂ ਕਿ ਕਾਂਗਰਸ ਨੇ ਕੋਈ ਵੀ ਸਿਆਸੀ ਸਮਾਗਮ ਨਾ ਕਰਨ ਦਾ ਫੈਸਲਾ ਪਹਿਲਾਂ ਹੀ ਲੈ ਲਿਆ ਸੀ।



## ਪਾਬੰਦੀਆਂ ਦਾ ਐਲਾਨ ਸਿਆਸਤ ਤੋਂ ਪ੍ਰੇਰਿਤ-ਡਾ: ਦਲਜੀਤ ਚੀਮਾ

ਚੰਡੀਗੜ੍ਹ-ਸ਼੍ਰੋਮਣੀ ਅਕਾਲੀ ਦਲ ਨੇ ਕਾਂਗਰਸ ਸਰਕਾਰ 'ਤੇ 'ਪੰਜਾਬ ਮੰਗਦਾ ਜਵਾਬ' ਰੈਲੀਆਂ ਨੂੰ ਮਿਲ ਰਹੇ ਭਰਵੇਂ ਹੁੰਗਾਰੇ ਨੂੰ ਦੇਖਦਿਆਂ 30 ਅਪਰੈਲ ਤਕ ਸਿਆਸੀ ਇਕੱਠਾਂ 'ਤੇ ਰੋਕ ਲਾਉਣ ਦੇ ਦੋਸ਼ ਲਾਏ ਹਨ। ਪਾਰਟੀ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਜਨਤਕ ਮੀਟਿੰਗਾਂ 'ਤੇ ਪਾਬੰਦੀ ਦਾ ਸਬੰਧ ਕਰੋਨਾ ਤੋਂ ਵਧ ਕਾਂਗਰਸ ਪਾਰਟੀ 'ਤੇ ਪੈ ਰਹੇ ਦਬਾਅ ਨਾਲ ਹੈ। ਉਨ੍ਹਾਂ ਕਿਹਾ ਕਿ ਇਕ ਮਗਰੋਂ ਦੂਜੀ ਰੈਲੀ ਕਰ ਕੇ ਅਕਾਲੀ ਦਲ ਨੇ ਮੁੱਖ ਮੰਤਰੀ ਦੇ ਝੂਠੇ ਦਾਅਵੇ ਬੇਨਕਾਬ ਕਰ ਦਿੱਤੇ। ਇਸ ਨਾਲ ਪ੍ਰਸ਼ਾਂਤ ਕਿਸ਼ੋਰ ਦੀਆਂ ਯੋਜਨਾਵਾਂ ਵਿਚ ਗੜਬੜ ਹੋ ਗਈ ਤੇ ਉਸ ਵੱਲੋਂ ਕਾਂਗਰਸ ਪਾਰਟੀ ਦੇ ਹੋ ਰਹੇ ਨੁਕਸਾਨ ਨੂੰ ਰੋਕਣ ਲਈ ਜਨਤਕ ਇਕੱਠਾਂ 'ਤੇ ਪਾਬੰਦੀ ਲਗਾਉਣ ਦਾ ਸੁਝਾਅ ਦਿੱਤਾ ਗਿਆ। ਡਾ. ਚੀਮਾ ਨੇ ਕਿਹਾ ਕਿ ਕਾਂਗਰਸ ਸਿਰਫ ਵਿਰੋਧੀ ਧਿਰ ਦੀਆਂ ਰੈਲੀਆਂ 'ਤੇ ਹੀ ਨਹੀਂ ਸਗੋਂ ਸਰਕਾਰ ਖ਼ਿਲਾਫ਼ ਸੜਕਾਂ (ਬਾਕੀ ਸਫ਼ਾ 8 'ਤੇ)



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਦਿੱਲੀ ਤੋਂ ਆ ਰਹੀਆਂ ਉਡਾਨਾਂ ਅੰਤਰਰਾਸ਼ਟਰੀ ਕੋਵਿਡ-19 ਲਾਗ ਦਾ ਸਭ ਤੋਂ ਵੱਡਾ ਸਰੋਤ-ਹੈਲਥ ਕੈਨੇਡਾ

ਓਟਵਾ-ਭਾਰਤ ਦੀ ਰਾਜਧਾਨੀ ਦਿੱਲੀ ਹਫ਼ਤਿਆਂ ਤੋਂ ਕੋਵਿਡ-19 ਪਾਜੇਟਿਵ ਟੈਸਟਿੰਗ ਵਾਲੇ ਅੰਤਰਰਾਸ਼ਟਰੀ ਯਾਤਰੀਆਂ ਦਾ ਸਭ ਤੋਂ ਵੱਡਾ ਸਥਾਨ ਬਣਿਆਂ ਹੋਇਆ ਹੈ। ਹੈਲਥ ਕੈਨੇਡਾ ਦੇ ਅੰਕੜੇ ਦੱਸਦੇ ਹਨ ਕਿ 21 ਮਾਰਚ ਅਤੇ 1 ਅਪ੍ਰੈਲ ਵਿਚਕਾਰ ਇੰਦਰਾ ਗਾਂਧੀ ਅੰਤਰਰਾਸਟਰੀ ਹਵਾਈ ਅੱਡੇ ਤੋਂ 28 ਉਡਾਨਾਂ ਕੈਨੇਡਾ ਵਿਚ ਉੱਤਰੀਆਂ ਹਨ ਅਤੇ ਇਨ੍ਹਾਂ ਵਿਚੋਂ ਪੰਜ ਟੋਰਾਂਟੋ ਉੱਤਰੀਆਂ ਹਨ। ਇਨ੍ਹਾਂ ਉਡਾਨਾਂ ਵਿਚ ਕਤਰ ਦੀ ਰਾਜਧਾਨੀ ਦੋਹਾ ਤੋਂ 13 ਜਦਕਿ ਸੰਯੁਕਤ ਅਰਬ ਅਮੀਰਾਤ ਤੋਂ 11 ਵਿਅਕਤੀ ਤੋਂ ਉੱਤਰੇ ਜਿਹੜੇ ਬਿਮਾਰੀ ਤੋਂ ਪੀੜਤ ਸਨ। ਫੈਡਰਲ ਸਰਕਾਰ ਵਲੋਂ ਸੰਨੀ ਹੌਲੀਡੇ ਥਾਵਾਂ ਤੋਂ ਉਡਾਨਾਂ 31 ਜਨਵਰੀ ਤੋਂ ਮੁਅੱਤਲ ਕਰ ਦਿੱਤੀਆਂ ਪਰ ਦਿੱਲੀ ਤੋਂ ਪ੍ਰਭਾਵਤ ਯਾਤਰੀਆਂ ਵਾਲੀਆਂ ਉਡਾਨਾਂ ਵਧ ਗਈਆਂ ਅਤੇ ਇਹ 4 ਮਾਰਚ ਤੇ 20 ਮਾਰਚ ਵਿਚਕਾਰ 30 ਤਕ ਪਹੁੰਚ ਗਈਆਂ। ਕੈਨੇਡਾ ਵਿਚ 21 ਮਾਰਚ ਤੇ 1 ਅਪ੍ਰੈਲ ਵਿਚਕਾਰ ਕੋਵਿਡ-19 ਦੇ ਪਾਜੇਟਿਵ ਟੈਸਟ ਵਾਲੇ ਯਾਤਰੀਆਂ ਦੀਆਂ 113 ਉਡਾਨਾਂ ਆਈਆਂ ਹਨ। ਹੋਰ ਸੂਤਰਾਂ ਨੇ ਦੱਸਿਆ ਕਿ ਐਮਸਟਰਡਮ ਤੋਂ ਪੰਜ ਉਡਾਨਾਂ, ਪਾਕਿਸਤਾਨ ਅਤੇ ਜਮਾਇਕਾ ਤੋਂ ਚਾਰ-ਚਾਰ ਅਤੇ ਅਦੀਸ ਅਬਾਬਾ, ਲੰਡਨ ਤੇ ਬਰੱਸਲਜ਼ ਤੋਂ ਆਈਆਂ ਤਿੰਨ-ਤਿੰਨ ਉਡਾਨਾਂ ਦੇ ਯਾਤਰੀ ਪ੍ਰਭਾਵਤ ਸਨ। ਅਮਰੀਕਾ ਤੋਂ ਵੀ ਕੋਵਿਡ-19 ਤੋਂ ਪ੍ਰਭਾਵਤ ਮਰੀਜ਼ ਪੁੱਜੇ ਹਨ।


SHER TALIB NOTARY PUBLIC
ਨੌਟਰੀ ਪਬਲਿਕ

NOTARIZATIONS
• Affidavits
• Invitation Letters
• Travel Consent Letters
• Statutory Declarations
• Sales & Purchase
• Family Transfer
• Refinancing
• Business Assets Sale Purchase
• Easements, Restrictive Covenants
• Wills & Estate Planning
• Power of Attorney

ਨੌਟਰੀ ਪਬਲਿਕ
• ਰਿਅਲ ਅਸਟੇਟ ਦੀ ਖ਼ਰੀਦ ਅਤੇ ਵੇਚ
• ਇਕਰਾਰਨਾਮਾ ਅਤੇ ਹੋਰ ਨੌਟਰੀ ਸੇਵਾਵਾਂ
• ਵਸੀਅਤਨਾਮਾ
• ਪਾਵਰ ਆਫ ਅਟੌਰਨੀ
• ਮੋਰਟਗੇਜ਼ ਦੀ ਡਾਕੂਮੇਂਟੇਸ਼ਨ
• ਨੌਟਰੀਜ਼ੇਸ਼ਨ
• ਐਫੀਡੇਵਿਟ

BC Notaries
A TRUSTED TRADITION

Services offered in Punjabi, Hindi & English

Sher Talib
M.A (Eco), M.A (ALS)
P: 604-501-9120
F: 604-501-9121
7935 120th Street
Delta BC, V4C 6P6





Email: sher@shernotary.com | www.shernotary.com




# .ਗ਼ਜ਼ਲ ਮੰਚ ਸਰੀ ਵੱਲੋਂ ਖੁੱਲ੍ਹੇ ਪਾਰਕ 'ਚ ਖ਼ੂਬਸੂਰਤ ਸ਼ਾਇਰਾਨਾ ਮਹਿਫ਼ਿਲ

ਸਰੀ (ਹਰਦਮ ਮਾਨ)-ਗ਼ਜ਼ਲ ਮੰਚ ਸਰੀ ਵੱਲੋਂ ਬੀਅਰ ਪਾਰਕ ਸਰੀ ਦੇ ਖੁੱਲ੍ਹੇ ਪਾਰਕ ਵਿਚ ਖ਼ੂਬਸੂਰਤ ਮੌਸਮ ਦਾ ਆਨੰਦ ਆਪਣੇ ਸ਼ਾਇਰਾਨਾ ਅੰਦਾਜ਼ ਵਿਚ ਮਾਣਿਆਂ। ਇਸ ਮੌਕੇ ਕਾਵਿ-ਮਹਿਫ਼ਿਲ ਸਜਾਈ ਗਈ ਜਿਸ ਦਾ ਆਗਾਜ਼ ਇੰਦਰਜੀਤ ਧਾਮੀ ਦੀ ਖ਼ੂਬਸੂਰਤ ਕਵਿਤਾ ਨਾਲ ਹੋਇਆ। ਉਸ ਦੇ ਬੋਲ ਸਨ-

**ਚਿਤਰਕਾਰੀ ਕੇਸ ਦੀ ਦਿਸਦੀ ਨਹੀਂ ਵਗਦੀ ਹਵਾ**
**ਪਰਬਤ ਹੀ ਜੰਗਲ ਤਾਰਿਕਾ ਮੰਡਲ ਸਮੁੰਦਰ ਦੀ ਕਲਾ**

ਉਪਰੰਤ ਬਹੁਤ ਹੀ ਪਿਆਰੇ ਸ਼ਾਇਰ ਰਾਜਵੰਤ ਰਾਜ ਦੇ ਆਪਣੀ ਦਿਲਕਸ਼ ਗਜ਼ਲ ਕਹੀ। ਉਸ ਨੇ ਗੁਲਦਉਦੀਆਂ ਦੀ ਰੁੱਤ ਦਾ ਵਰਨਣ ਇਉਂ ਕੀਤਾ-

**ਗੁਲਦਉਦੀਆਂ ਦੀ ਰੁੱਤ ਆ ਕੇ ਫਿਰ ਚਲੀ ਗਈ**
**ਲੈ ਫਿਰ ਰਹਿ ਗਏ ਅਸੀਂ ਮਹਿਕਾਂ ਨੂੰ ਤਰਸਦੇ।**

ਫਿਰ ਵਾਰੀ ਆਈ ਦਵਿੰਦਰ ਗੌਤਮ। ਆਪਣੇ ਵਿਲੱਖਣ ਅੰਦਾਜ਼ ਵਿਚ ਸਮੇਂ ਦੀਆਂ ਤਲਖ਼ ਸਚਾਈਆਂ ਦੇ ਰੂਬਰੂ ਹੁੰਦਾ ਹੋਇਆ ਗੌਤਮ ਕਹਿ ਰਿਹਾ ਸੀ-

**ਮਨ ਦਾ ਮੌਸਮ ਕਿਸ ਤੇ ਹੁਣ ਵਿਸ਼ਵਾਸ ਕਰੇ**
**ਪੂਰਬ ਵਾਲੀ ਪੌਣ ਵੀ ਹੁਣ ਤਾਂ ਠਗਦੀ ਹੈ।**

ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ ਦੀ ਪੁਖਤਾ ਸ਼ਾਇਰੀ ਵਿਚ ਲੋਕਾਈ ਦਾ ਰੰਗ ਸਿਰ ਚੜ੍ਹ ਬੋਲ ਰਿਹਾ ਸੀ-

**ਮੇਰੇ ਜਿਹਾ ਹੀ ਦਰਦ ਹਰ ਇਕ ਦੇ ਦਿਲ ਚ ਵੀ**
**ਮੈਂ ਦਰਦ ਆਪਣਾ ਕਿਹਾ, ਲੋਕਾਂ ਦਾ ਬਣ ਗਿਆ।**

ਪੰਜਾਬੀ ਗ਼ਜ਼ਲ ਦਾ ਮਾਣਮੱਤਾ ਸ਼ਾਇਰ ਜਸਵਿੰਦਰ ਆਪਣੀ ਬਾਕਮਾਲ ਸ਼ਾਇਰੀ ਨਾਲ ਸਮੇਂ ਅਤੇ ਹਾਲਾਤ ਦੀ ਹਕੀਕਤ ਨੂੰ ਬਿਆਨ ਕਰ ਰਿਹਾ ਸੀ-

**ਕਦੇ ਏਹੋ ਜਿਹੀ ਨਾ ਰਾਤ ਵੇਖੀ, ਨਹੀਂ ਪੱਥਰਾਂ ਦੀ ਬਰਸਾਤ ਵੇਖੀ**
**ਕਦੇ ਅਸਮਾਨ ਇਉਂ ਨਾ ਕੰਬਿਆ ਸੀ, ਪਤੰਗਾਂ ਵਾਂਗ ਤਾਰੇ ਝੜ ਗਏ ਨੇ।**
**ਹਰਿਕ ਬੂਟਾ ਹੀ ਮੌਸਮ ਨੇ ਸਤਾਇਆ, ਹਨੇਰੀ ਨੇ ਵੀ ਪੂਰਾ ਜ਼ੋਰ ਲਾਇਆ**
**ਹਰਾ ਘਾਹ ਫੇਰ ਵੀ ਹੈ ਲਹਿਲਹਾਇਆ, ਸਫੈਦੇ ਤਾਂ ਜੜ੍ਹੋਂ ਉੱਖੜ ਗਏ ਨੇ।**

ਸ਼ਾਇਰ ਗੁਰਮੀਤ ਸਿੱਧੂ ਨੇ ਬੇਹੱਦ ਖ਼ੂਬਸੂਰਤ ਸ਼ਿਅਰਾਂ ਨਾਲ ਆਪਣੀ ਹਾਜਰੀ ਲੁਆਈ। ਉਸ ਦਾ ਕਹਿਣਾ ਸੀ-

**ਮਿਲਣ ਆਉਂਦੇ ਨੇ ਅਕਸਰ ਹੀ ਉਹ ਮੈਨੂੰ ਰੁੱਖ ਸਮਝਦੇ ਨੇ**
**ਇਕੱਲਤਾ ਦਾ ਤਾਂ ਪਰਿੰਦੇ ਹੀ ਏਥੇ ਦੁੱਖ ਸਮਝਦੇ ਨੇ**

ਨੌਜਵਾਨ ਸ਼ਾਇਰ ਪ੍ਰੀਤ ਮਨਪ੍ਰੀਤ ਵੀ ਆਪਣੀ ਪਿਆਰ-ਭਰੀ ਸ਼ਾਇਰੀ ਨਾਲ ਹਾਜਰ ਸੀ-

**ਝੀਲ ਦੇ ਪਾਣੀ ਤੇ ਚੰਨ ਦੀ ਚਾਨਣੀ, ਬਿਨ ਤੇਰੇ ਕੀ ਦੇਖਣੀ ਕੀ ਮਾਨਣੀ**
**ਪੁੰਨਿਆਂ ਦੀ ਰਾਤ ਦਾ ਵੀ ਅਰਥ ਕੀ, ਜੇ ਰਿਹਾ ਰਿਸ਼ਮਾਂ ਤੇ ਸਾਇਆ ਨ੍ਹੇਰ ਦਾ**

ਮਹਿਫ਼ਿਲ ਵਿਚ ਹਰਦਮ ਸਿੰਘ ਮਾਨ ਨੇ ਆਪਣੇ ਸ਼ਿਅਰਾਂ ਰਾਹੀਂ ਆਖਰੀ ਰੰਗ ਭਰਦਿਆਂ ਕਿਹਾ-

**ਡਾਲਰਾਂ ਦੇ ਸਾਗਰਾਂ ਵਿਚ, ਰੂਹਾਂ ਪਿਆਸੀਆਂ ਨੇ**
**ਯਾਦਾਂ ਦੇ ਟਿੱਬਿਆਂ ਚੋਂ ਲੱਭਦੀ ਨਾ ਢਾਬ ਯਾਰੋ !**

# ਮਨੀਲਾਂਡਰਿੰਗ ਜਾਂਚ 'ਚ ਸਾਬਕਾ ਮੰਤਰੀ ਦੇਣਗੇ ਗਵਾਹੀ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਵਿਚ ਮਨੀ ਲਾਂਡਰਿੰਗ ਦੀ ਜਾਂਚ ਕਰ ਰਹੇ ਕਮਿਸ਼ਨ ਨੇ ਆਪਣੇ ਗਵਾਹਾਂ ਦੀ ਸੂਚੀ ਵਿਚ ਸਾਬਕਾ ਤੇ ਮੌਜੂਦਾ ਮੰਤਰੀਆਂ ਨੂੰ ਸ਼ਾਮਿਲ ਕੀਤਾ ਹੈ। ਆਪਣੀ ਵੈੱਬਸਾਈਟ 'ਤੇ ਕੁਲੇਨ ਕਮਿਸ਼ਨ ਨੇ ਕਿਹਾ ਕਿ ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਉਨ੍ਹਾਂ ਮੰਤਰੀਆਂ ਵਿਚ ਸ਼ਾਮਿਲ ਹਨ ਜਿਹੜੇ ਇਸ ਮਹੀਨੇ ਦੇ ਅਖੀਰ ਵਿਚ ਬਿਆਨ ਦਰਜ ਕਰਵਾਉਣਗੇ। ਬੀਸੀ ਦੇ ਸਾਬਕਾ ਲਿਬਰਲ ਮੰਤਰੀ ਰਿਚ ਕੋਲਮੈਨ, ਮਾਈਕਲ ਡੀ ਜੋਂਗ ਅਤੇ ਕਾਸ਼ ਹੀਡ ਤੋਂ ਇਲਾਵਾ ਪਾਰਟੀ ਦੇ ਅੰਤਰਿਮ ਨੇਤਾ ਸ਼ਰਲੀ ਬੌਂਡ ਜਿਨ੍ਹਾਂ ਨੇ ਕਲਾਰਕ ਦੀ ਸਰਕਾਰ ਵਿਚ ਪਬਲਿਕ ਸੇਫਟੀ ਮੰਤਰੀ ਅਤੇ ਅਟਾਰਨੀ ਜਨਰਲ ਵਜੋਂ ਸੇਵਾ ਨਿਭਾਈ ਵੀ ਬਿਆਨ ਦਰਜ ਕਰਵਾਉਣਗੇ। ਕਮਿਸ਼ਨ ਨੇ ਕਿਹਾ ਕਿ ਅਟਾਰਨੀ ਜਨਰਲ ਡੇਵਿਡ ਈਬੀ ਵੀ ਗਵਾਹੀ ਦੇਣਗੇ। ਉਨ੍ਹਾਂ ਵਲੋਂ 19 ਤੋਂ 30 ਅਪ੍ਰੈਲ ਤਕ ਬਿਆਨ ਦਰਜ ਕਰਵਾਉਣ ਦੀ ਆਸ ਹੈ।


JJB INSURANCE
Sarban Singh Sidhu
604-507-6866 #1, 13791, 72 AVE, SURREY (NEAR FRUITICANA)
BBB ACCREDITED BUSINESS
We Are Specialist In Setting Up New Prorate Co, Fleet, Cargo
Autoplan

| Dwelling | Contents | Liability | Annual Premium |
|---|---|---|---|
| 400,000 | 280,000 | 1,000,000 | 395 |
| 500,000 | 350,000 | 1,000,000 | 512 |
| 600,000 | 420,000 | 1,000,000 | 607 |
| 700,000 | 490,000 | 1,000,000 | 702 |





HOUSE INSURANCE
UP TO 65% DISCOUNT AVAILABLE
*RATES SUBJECT TO CHANGE WITHOUT ANY NOTICE
THESE RATES INCLUDE:-
• REPLACEMENT COST ON DWELLING & CONTENTS
• SEWER BACKUP • CLAIM FREE DISCOUNT
• SENIOR / MORTGAGE FREE DISCOUNT
• HOME PROTECTION DISCOUNT
• NEW HOME DISCOUNT • DEDUCTIBLE DISCOUNT
Life • Critical • Disability • RRSP • RESP • Visitor • Super Visa
Ask for Special Rate for Super Visa Insurance
Money Back upon Visa Declined
• ਪਹਿਲੀ ਵਾਰ ਘਰ ਖ਼ਰੀਦਣ ਵਾਲਿਆਂ ਲਈ ਸਪੈਸ਼ਲ ਰੇਟ
• ਘਰਾਂ, ਕਾਰਾਂ, ਟਰੱਕਾਂ ਦੀ ਇੰਸ਼ੋਰੈਂਸ ਲਈ ਵਧੀਆ ਰੇਟ ਅਤੇ ਮਹੀਨੇਵਾਰ ਪੇਮੈਂਟ ਦੀ ਸਹੂਲਤ
Wawanesa Insurance
Call Us Before You Renew / Buy Any Insurance Lien & Accident Search Available



UNI GLOBAL IMMIGRATION CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
rcic · cric
#12387 - 75 Ave., Surrey BC V3W 2S7
Email: contactuniglobal@gmail.com


ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ

# SK BASRA FURNITURE

All Kinds Of Custom Made Furniture & Canvas Paintings




ਵਿਸਾਖੀ ਸਪੈਸ਼ਲ ਸੇਲ

ਘੱਟ ਕੀਮਤਾਂ ਵਧੀਆ ਸਮਾਨ

- Sofa Set • Box Bed • Coffe Table • Mattress
- Canvas Paintings • Water Fall • Budhas
- Landscapes • Running Horses
- Still Life & Much More!



C: 604-751-4555
O: 604-503-4550

#115,106 - 15299 68 Ave,
Gurdwara Dukh Niwaran Sahib, Surrey, BC
Email: skbasra188@gmail.com




carpets

Shaw FLOORS
Ansonylon
STAINMASTER CARPET
ClearTouch

from $1.98 SF — Berber Installed

Textured Saxony Installed — from $2.28 SF

**Laminate Floor**
8.3mm thick
25 years warranty
Click Do It Yourself
German technology
.99 cent

**Commercial Carpet**
Starts From .78 cent

**Berber**
Starts From .78 cent

**Area Rug (5x8)**
Starts From $68

ਘੱਟ ਕੀਮਤਾਂ ਦੀ ਗਰੰਟੀ ਕਰਦੇ ਹਾਂ

Where The Builders Buy!

NEW HOME SPECIALISTS

NOBODY KNOWS FLOORING LIKE DREAM CARPETS

SERVING WESTERN CANADA FOR OVER 38 YEARS


Ashok

**VANCOUVER**
815 Terminal Ave.
604-687-5888
Monday to Saturday
9:00-5:30
Sunday 11:00-5:00


Perry

**SURREY / DELTA**
8385 - 120th Street
604-572-8788
Monday to Saturday
9:00-5:30
Sunday Closed


Butch

**RICHMOND**
12180 Bridgeport Rd.
604-273-7888
Monday to Saturday
9:00-5:30
Sunday 11:00-5:00

# ਸ਼ਰਾਬ ਪੀਕੇ ਗੱਡੀ ਚਲਾਉਣ ਦੇ ਦੋਸ਼ਾਂ ਹੇਠ ਮੁਅੱਤਲ ਰਹੇ ਪੁਲਿਸ ਅਫਸਰ ਨੂੰ ਸਰੀ ਪੁਲਿਸ ਨੇ ਹਾਇਰ ਕੀਤਾ-ਕੌਂਸਲਰ ਨੇ ਮੇਅਰ ਤੋ ਸਪੱਸ਼ਟੀਕਰਣ ਮੰਗਿਆ

ਸਰੀ-ਸਰੀ ਸਿਟੀ ਦੇ ਇਕ ਕੌਂਸਲਰ ਨੇ ਮੇਅਰ ਡੱਗ ਮੈਕਲਮ ਤੋਂ ਸਪਸ਼ਟੀਕਰਨ ਮੰਗਿਆ ਹੈ ਕਿ ਇਕ ਪੁਲਿਸ ਅਫਸਰ ਜਿਸ ਨੂੰ ਦਾਰੂ ਪੀ ਕੇ ਡਰਾਈਵਿੰਗ ਕਰਨ ਕਰਕੇ ਡਰਾਈਵਿੰਗ ਕਰਨ ਤੋਂ 90 ਦਿਨ ਲਈ ਮੁਅੱਤਲ ਕੀਤੇ ਜਾਣ ਦਾ ਸਮਾਂ ਹਾਲ ਹੀ ਵਿਚ ਪੂਰਾ ਕੀਤਾ ਹੈ ਨੂੰ ਨਵੀਂ ਸਰੀ ਪੁਲਿਸ ਸਰਵਿਸ ਲਈ ਕਿਵੇਂ ਹਾਇਰ ਕੀਤਾ ਗਿਆ ਹੈ। ਲਿੰਡਾ ਐਨਿਸ ਨੇ ਮੈਕਲਮ ਨੂੰ ਪੁਲਿਸ ਬੋਰਡ ਦੇ ਚੇਅਰਮੈਨ ਵਜੋਂ ਉਨ੍ਹਾਂ ਦੀ ਭੂਮਿਕਾ ਲਈ ਲਿਖੇ ਪੱਤਰ ਵਿਚ ਪੁੱਛਿਆ ਕਿ ਆਰਸੀਐਮਪੀ ਇੰਸਪੈਕਟਰ ਜੈਫ ਮੈਟਕਾਲਫ ਨੂੰ 90 ਦਿਨ ਲਈ ਡਰਾਈਵਿੰਗ ਕਰਨ ਤੋਂ ਮੁਅੱਤਲ ਕੀਤੇ ਜਾਣ ਦੇ ਬਾਵਜੂਦ ਮਿਊਂਸਪਲ ਪੁਲਿਸ ਫੋਰਸ ਲਈ ਕਿਹੜੀ ਪ੍ਰਕਿਰਿਆ ਅਪਣਾ ਕੇ ਹਾਇਰ ਕਰ ਲਿਆ। ਐਨਿਸ ਨੇ ਲਿਖਿਆ ਕਿ ਉਹ ਚਾਹੁੰਦੀ ਹੈ ਕਿ ਇੰਸਪੈਕਟਰ ਨੂੰ ਹਾਲ ਹੀ ਵਿਚ ਹਾਇਰ ਕਰਨ ਨਾਲ ਜੁੜੀ ਪ੍ਰਕਿਰਿਆ ਦੇ ਵੇਰਵੇ ਬੋਰਡ ਸਾਂਝਾ ਕੀਤੇ ਜਾਣ। ਇਸ ਇੰਸਪੈਕਟਰ ਨੇ 90 ਦਿਨ ਲਈ ਡਰਾਈਵਿੰਗ ਕਰਨ ਤੋਂ ਮਨਾਹੀ ਦਾ ਸਮਾਂ ਹਾਲ ਹੀ ਵਿਚ ਪੂਰਾ ਕੀਤਾ ਹੈ। ਉਧਰ ਪੁਲਿਸ ਸਰਵਿਸ ਦੇ ਬੁਲਾਰੇ ਸ਼ਰਲੇਨ ਬਰੁੱਕਸ ਨੇ ਕਿਹਾ ਕਿ ਮੈਟਕੈਫਲ ਦੀ ਜਦੋਂ ਇੰਟਰਵਿਊ ਲਈ ਗਈ ਸੀ ਤਾਂ ਉਸ ਨੇ 90 ਦਿਨ ਦੀ ਮੁਅੱਤਲੀ ਦਾ ਖੁਲਾਸਾ ਕੀਤਾ ਸੀ। ਇਸ ਵਿਸ਼ੇਸ਼ ਮਾਮਲੇ ਵਿਚ ਇੰਸਪੈਕਟਰ ਮੈਕਕੈਫਲ ਨੇ ਸਾਰੇ ਹਾਲਾਤ ਦਾ ਮੁਕੰਮਲ ਖੁਲਾਸਾ ਕੀਤਾ ਹੈ ਅਤੇ ਆਪਣੀ ਹਰਕਤਾਂ ਦੀ ਮੁਕੰਮਲ ਜ਼ਿੰਮੇਵਾਰੀ ਲਈ ਹੈ।

## ਮੈਂ ਕੋਈ ਹਿੰਸਾ ਨਹੀ ਭੜਕਾਈ-ਦੀਪ ਸਿੱਧੂ



ਨਵੀਂ ਦਿੱਲੀ-ਗਣਤੰਤਰ ਦਿਵਸ ਮੌਕੇ ਲਾਲ ਕਿਲ੍ਹੇ 'ਤੇ ਹੋਈ ਹਿੰਸਾ ਦੇ ਸਿਲਸਿਲੇ 'ਚ ਮੁਲਜ਼ਮ ਦੀਪ ਸਿੱਧੂ ਨੇ ਅੱਜ ਦਿੱਲੀ ਦੀ ਇੱਕ ਅਦਾਲਤ 'ਚ ਕਿਹਾ ਕਿ ਉਸ ਨੇ ਹਿੰਸਾ ਲਈ ਕਿਸੇ ਨੂੰ ਨਹੀਂ ਉਕਸਾਇਆ। ਉਹ ਵਿਰੋਧ ਕਰਨ ਲਈ ਸਿਰਫ਼ ਆਪਣੇ 'ਬੁਨਿਆਦੀ ਹੱਕ' ਦੀ ਵਰਤੋਂ ਕਰ ਰਿਹਾ ਸੀ। ਕੇਂਦਰ ਦੇ ਤਿੰਨ ਨਵੇਂ ਖੇਤੀ ਕਾਨੂੰਨਾਂ ਖ਼ਿਲਾਫ਼ ਗਣਤੰਤਰ ਦਿਵਸ ਮੌਕੇ ਕਿਸਾਨਾਂ ਦੀ 'ਟਰੈਕਟਰ ਪਰੇਡ' ਦੌਰਾਨ ਲਾਲ ਕਿਲ੍ਹਾ ਹਿੰਸਾ ਦੇ ਮਾਮਲੇ 'ਚ ਅਦਾਕਾਰ ਤੇ ਕਾਰਕੁਨ ਦੀਪ ਸਿੱਧੂ ਨੂੰ 9 ਫਰਵਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ।

## ਨਿਊਜਲੈਂਡ ਵੱਲੋਂ ਭਾਰਤੀ ਯਾਤਰੀਆਂ ਉਪਰ ਪਾਬੰਦੀ

ਵਲਿੰਗਟਨ-ਨਿਊਜ਼ੀਲੈਂਡ ਦੇ ਪ੍ਰਧਾਨ ਮੰਤਰੀ ਜੇਸਿੰਡਾ ਆਡਰਨ ਨੇ ਭਾਰਤ ਵਿੱਚ ਕਰੋਨਾ ਕੇਸ ਵਧਣ ਕਾਰਨ 11 ਅਪਰੈਲ ਤੋਂ ਦੋ ਹਫ਼ਤਿਆਂ ਲਈ ਭਾਰਤ ਤੋਂ ਆਉਣ ਵਾਲੇ ਸਾਰੇ ਯਾਤਰੀਆਂ ਦੇ ਦਾਖਲੇ 'ਤੇ ਅਸਥਾਈ ਰੋਕ ਲਗਾ ਦਿੱਤੀ ਹੈ। ਭਾਰਤ ਵਿਚ ਕਰੋਨਾ ਵਾਇਰਸ ਦੇ ਵੱਧ ਰਹੇ ਕੇਸਾਂ ਕਾਰਨ ਨਿਊਜ਼ੀਲੈਂਡ ਦੇ ਨਾਗਰਿਕਾਂ ਨੂੰ ਵੀ ਦੇਸ਼ ਵਿਚ ਦਾਖਲ ਹੋਣ 'ਤੇ ਪਾਬੰਦੀ ਲਗਾਈ ਗਈ ਹੈ। ਇਹ ਪਾਬੰਦੀ ਐਤਵਾਰ ਤੋਂ ਸ਼ੁਰੂ ਹੋ ਕੇ 28 ਅਪਰੈਲ ਤੱਕ ਜਾਰੀ ਰਹੇਗੀ।

## ਪਟਾਕਾ ਫੈਕਟਰੀ ਵਿਚ ਅੱਗ ਕਾਰਣ 5 ਮਜਦੂਰਾਂ ਦੀ ਮੌਤ

ਬਿਜਨੌਰ-ਉੱਤਰ ਪ੍ਰਦੇਸ਼ ਦੇ ਬਿਜਨੌਰ 'ਚ ਇਕ ਪਟਾਕਾ ਫੈਕਟਰੀ 'ਚ ਰੱਖੇ ਜਲਣਸ਼ੀਲ ਪਦਾਰਥ 'ਚ ਧਮਾਕਾ ਹੋ ਜਾਣ ਕਾਰਨ ਉਥੇ ਕੰਮ ਕਰ ਰਹੇ ਪੰਜ ਮਜ਼ਦੂਰਾਂ ਦੀ ਮੌਤ ਹੋ ਗਈ। ਪੁਲੀਸ ਨੇ ਫੈਕਟਰੀ ਦੇ ਮਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲੀਸ ਅਧਿਕਾਰੀ ਨੇ ਦੱਸਿਆ ਕਿ ਬਖ਼ਸ਼ੀਵਾਲਾ ਪਿੰਡ ਦੇ ਇਕਾਂਤ 'ਚ ਬਣੇ ਯੂਸਫ਼ ਨਾਂ ਦੇ ਵਿਅਕਤੀ ਦੇ ਘਰ ਦੇ ਕਮਰੇ 'ਚ ਆਤਿਸ਼ਬਾਜ਼ੀ ਬਣਾਉਣ ਦਾ ਕੰਮ ਚੱਲ ਰਿਹਾ ਸੀ। ਮੌਕੇ 'ਤੇ 9 ਮਜ਼ਦੂਰ ਪਟਾਕੇ ਬਣਾ ਰਹੇ ਸਨ। ਇਸ ਦੌਰਾਨ ਬਾਰੂਦ 'ਚ ਅੱਗ ਲੱਗ ਗਈ ਜੋ ਕਮਰੇ 'ਚ ਫੈਲ ਗਈ। ਪੰਜ ਮਜ਼ਦੂਰ ਅੱਗ 'ਚ ਘਿਰ ਗਏ ਜਿਨ੍ਹਾਂ ਦੀ ਝੁਲਸਣ ਕਾਰਨ ਮੌਤ ਹੋ ਗਈ। ਫਾਇਰ ਬ੍ਰਿਗੇਡ ਦੀਆਂ ਗੱਡੀਆਂ ਨੇ 20 ਮਿੰਟ 'ਚ ਮੌਕੇ 'ਤੇ ਪਹੁੰਚ ਕੇ ਅੱਗ ਉਪਰ ਕਾਬੂ ਪਾਇਆ। ਅੱਗ ਲੱਗਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

## ਨਿੱਜੀ ਵਾਹਨ 'ਚ ਡਰਾਈਵਿੰਗ ਕਰਦੇ ਸਮੇਂ ਵੀ ਮਾਸਕ ਪਹਿਨਣਾ ਲਾਜ਼ਮੀ ਕਰਾਰ

ਨਵੀਂ ਦਿੱਲੀ-ਦਿੱਲੀ ਹਾਈ ਕੋਰਟ ਨੇ ਕਿਹਾ ਕਿ ਕੋਵਿਡ-19 ਮਹਾਮਾਰੀ ਦੌਰਾਨ ਚਿਹਰਾ ਢਕਣਾ 'ਸੁਰੱਖਿਆ ਕਵਚ' ਵਾਂਗ ਹੈ ਅਤੇ ਨਿਜੀ ਵਾਹਨ ਵਿੱਚ ਡਰਾਈਵਿੰਗ ਕਰਦੇ ਸਮੇਂ ਇਕੱਲੇ ਹੋਣ 'ਤੇ ਮਾਸਕ ਪਹਿਨਣਾ ਜ਼ਰੂਰੀ ਹੈ। ਜਸਟਿਸ ਪ੍ਰਤਿਭਾ ਐੱਮ ਸਿੰਘ ਨੇ ਨਿਜੀ ਵਾਹਨ ਵਿੱਚ ਇਕੱਲੇ ਡਰਾਈਵਿੰਗ ਕਰਦੇ ਸਮੇਂ ਮਾਸਕ ਨਾ ਪਹਿਨਣ ਦਾ ਚਾਲਾਨ ਕੱਟਣ ਦੇ ਦਿੱਲੀ ਸਰਕਾਰ ਦੇ ਫੈਸਲੇ ਵਿੱਚ ਦਖਲ ਦੇਣ ਤੋਂ ਇਨਕਾਰ ਕਰਦਿਆਂ ਇਸ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ। ਅਦਾਲਤ ਨੇ ਕਿਹਾ ਕਿ ਮਹਾਮਾਰੀ ਦੌਰਾਨ ਮਾਸਕ 'ਸੁਰੱਖਿਆ ਕਵਚ' ਵਾਂਗ ਹੈ।

## ਆਪ ਆਗੂ ਚੀਮਾ ਵੱਲੋਂ ਅਕਾਲੀ ਦਲ (ਡੈਮੋਕਰੇਟਿਕ) ਨਾਲ ਸਮਝੌਤੇ ਤੋਂ ਇਨਕਾਰ

ਚੰਡੀਗੜ੍ਹ-ਆਮ ਆਦਮੀ ਪਾਰਟੀ ਅਤੇ ਅਕਾਲੀ ਦਲ (ਡੈਮੋਕਰੈਟਿਕ) ਵਿਚਾਲੇ ਚੋਣ ਸੰਭਾਵੀ ਗਠਜੋੜ ਬਾਰੇ ਰਿਪੋਰਟਾਂ ਬਾਰੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਦੋਵਾਂ ਵਿਚਕਾਰ ਗਠਜੋੜ ਦੀ ਕੋਈ ਸੰਭਾਵਨਾ ਨਹੀਂ ਹੈ। ਉਨ੍ਹਾਂ ਕਿਹਾ ਕਿ ਇਹ ਗਠਜੋੜ ਸੰਭਵ ਨਹੀਂ ਹੈ ਪਰ ਜੇ ਅਕਾਲੀ ਦਲ ਡੈਮੋਕਰੇਟਿਕ ਆਗੂ ਸੁਖਦੇਵ ਸਿੰਘ ਢੀਂਡਸਾ ਚਾਹੁੰਣ ਤਾਂ 'ਆਪ' ਵਿੱਚ ਆਪਣੇ ਦਲ ਦਾ ਰਲੇਵਾਂ ਕਰਵਾ ਸਕਦੇ ਹਨ।




DAY AND NIGHT LABOUR LTD.

ਗਰੀਨ ਹਾਊਸ ਅਤੇ ਨਰਸਰੀ ਵਰਕਰਾਂ ਦੀ ਲੋੜ



- ਸਾਨੂੰ ਗਰੀਨ ਹਾਊਸ ਵਰਕਰਾਂ ਅਤੇ ਮਸ਼ਰੂਮ ਪੈਕਿੰਗ ਲਈ ਵਰਕਰਾਂ ਦੀ ਜ਼ਰੂਰਤ ਹੈ।
- ਮੈਰੂਆਨਾ ਪੈਕਿੰਗ ਲਈ ਵਰਕਰਾਂ ਦੀ ਵੀ ਤੁਰੰਤ ਲੋੜ ਹੈ।
- ਵਧੀਆ ਤਨਖਾਹ ਦਿੱਤੀ ਜਾਵੇਗੀ।
- ਸਰੀ, ਡੈਲਟਾ ਤੋਂ ਲਿਜਾਣ ਅਤੇ ਛੱਡਣ ਲਈ ਫਰੀ ਰਾਈਡ ਦਾ ਪ੍ਰਬੰਧ।
- ਸਿਰਫ ਪੀ.ਆਰ. ਜਾਂ ਵਰਕ ਪਰਮਿਟ ਵਾਲੇ ਹੀ ਸੰਪਰਕ ਕਰਨ।

ਸੰਪਰਕ- ਸੰਨੀ ਸੰਧਰ 604-727-2421

# ਨਸਲੀ ਨਫਰਤ ਫੈਲਾਉਣ ਦੇ ਦੋਸ਼ ਹੇਠ ਵਿਅਕਤੀ ਦੀ ਭਾਲ

ਵੈਨਕੂਵਰ-ਵੈਨਕੂਵਰ ਪੁਲਿਸ ਨਫਰਤ ਫੈਲਾਉਣ ਵਾਲੇ ਇਕ ਵਿਅਕਤੀ ਦੀ ਭਾਲ ਕਰ ਰਹੀ ਹੈ। 47 ਸਾਲਾ ਵਿਅਕਤੀ ਯਵੇਸ ਕਾਸਟੋਨਗੁਏ 'ਤੇ 30 ਮਾਰਚ ਨੂੰ ਜਨਤਕ ਤੌਰ 'ਤੇ ਨਫਰਤ ਫੈਲਾਉਣ ਅਤੇ ਪ੍ਰਾਪਰਟੀ ਨਾਲ ਸ਼ਰਾਰਤ ਕਰਨ ਦੇ ਦੋਸ਼ ਲਾਏ ਗਏ ਸਨ। ਉਹ ਆਪਣੀ ਪੇਸ਼ੀ ਦੀ ਤਾਰੀਕ 'ਤੇ ਅਦਾਲਤ ਵਿਚ ਨਹੀਂ ਪੁੱਜਾ। ਉਸ ਨੇ ਚੀਨੀ ਕਲਚਰ ਸੈਂਟਰ ਦੀਆਂ ਤਾਕੀਆਂ 'ਤੇ ਏਸ਼ੀਅਨ ਭਾਈਚਾਰੇ ਖਿਲਾਫ ਕਥਿਤ ਰੂਪ ਵਿਚ ਨਸਲੀ ਟਿੱਪਣੀਆਂ ਲਿਖ ਕੇ ਨਫਰਤ ਫੈਲਾਉਣ ਦਾ ਅਪਰਾਧ ਕੀਤਾ ਹੈ। ਵੈਨਕੂਵਰ ਪੁਲਿਸ ਦੀ ਬੁਲਾਰਨ ਕੰਸਟੇਬਲ ਤਾਨੀਆ ਵਿਸਿਨਟਿਨ ਨੇ ਕਿਹਾ ਕਿ ਜਨਤਕ ਤੌਰ 'ਤੇ ਨਫਰਤ ਭੜਕਾਉਣ ਦਾ ਅਪਰਾਧਿਕ ਦੋਸ਼ ਗੰਭੀਰ ਹੈ ਅਤੇ ਇਹ ਵਿਸ਼ੇਸ਼ ਚਾਰਜ ਬਹੁਤ ਘੱਟ ਵਰਤਿਆ ਜਾਂਦਾ ਹੈ। ਅਸੀਂ ਖੁਸ਼ ਹਾਂ ਕਿ ਜਾਂਚ ਅਧਿਕਾਰੀ ਇਸ ਨੂੰ ਸੁਰੱਖਿਅਤ ਕਰਨ ਦੇ ਯੋਗ ਹੋਏ ਹਨ। ਵਿਸਿਨਟਿਨ ਨੇ ਕਿਹਾ ਕਿ 2020 ਵਿਚ ਵੈਨਕੂਵਰ ਵਿਚ ਨਫਰਤ ਤੇ ਪੱਖਪਾਤ ਤੱਤਾਂ ਵਾਲੇ ਅਪਰਾਧ 717 ਫ਼ੀਸਦੀ ਵਧੇ ਹਨ ਅਤੇ ਮੁੱਢਲੇ ਰੂਪ ਵਿਚ ਪੂਰਬੀ ਏਸ਼ੀਅਨ ਮੂਲ ਦੇ ਲੋਕਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ।


BADH ACCOUNTING SERVICES
32 YEARS EXPERIENCE IN ACCOUNTING
Specializing in:
ਟੈਕਸ ਦੇ ਪੇਪਰ ਭਰਨਾ * ਅਕਾਊਂਟਿੰਗ * ਪੇਰੋਲ
ਬਿਜ਼ਨਸ ਇਨਕਮ ਟੈਕਸ * ਪਰਸਨਲ ਇਨਕਮ ਟੈਕਸ
ਟੀ-ਫੋਰ ਜਾਂ ਵਰਕਰ ਕੰਪਨਸੇਸ਼ਨ ਫਾਰਮ * ਬੁੱਕ ਕੀਪਿੰਗ
* Tax Forms Fill up * Accounting * Payroll
* Business Income Tax * Personal Income Tax
* T4 & Workers Compensation Forms
* Bookkeeping
Jasbir Singh Badh
ਜਸਬੀਰ ਸਿੰਘ ਬਾਧ
ਸਾਡਾ ਅਕਾਊਂਟਿੰਗ ਵਿਚ 32 ਸਾਲ ਦਾ ਤਜ਼ਰਬਾ ਹੈ
Ph: 604-325-8370
Fax: 604-325-6654
# 1393 - 20800 - WESTMINSTER HWY, RICHMOND, BC



MORTGAGES + PRIVATE LOANS
BUY, SELL & MORTGAGE WITH US & RECEIVE UP TO $20,000* CASH BACK OR DISCOUNT
SPECIAL OFFER FOR FIRST TIME BUYERS
PLEASE CALL US FOR CASH BACK & SPECIAL RATES PACKAGE AND SAVE $$$
BHAJAN ATWAL
604-773-8426
*SOME CONDITIONS APPLY. FULLY SUPPORTED : CENTUM FINANCIAL & CITY2CITY REAL ESTATE SERVICES


# ਵੈਨਕੂਵਰ ਡਾਊਨਟਾਊਨ ਵਿਚ ਇਕ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ



ਵੈਨਕਵੂਰ-ਸ਼ਹਿਰ ਦੇ ਡਾਊਨਟਾਊਨ ਈਸਟਸਾਈਡ ਵਿਚ ਸਾਈਡਵਾਕ 'ਤੇ ਇਕ 37 ਸਾਲਾ ਵਿਅਕਤੀ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਕਿਸੇ ਨੇ ਸਾਈਡਵਾਕ ਦੇ ਵਿਚਕਾਰ ਇਕ ਵਿਅਕਤੀ ਨੂੰ ਡਿਗਿਆ ਦੇਖਣ ਪਿੱਛੋਂ ਰਾਤ 10 ਵਜੇ ਦੇ ਲਗਪਗ ਵੈਸਟ ਹੈਸਟਿੰਗਸ ਸਟਰੀਟ 'ਤੇ ਐਮਰਜੈਂਸੀ ਅਮਲੇ ਨੂੰ ਵਿਅਕਤੀ ਦੇ ਜ਼ਿਆਦਾ ਨਸ਼ਾ ਲੈਣ ਬਾਰੇ ਸੂਚਨਾ ਦਿੱਤੀ ਗਈ। ਵੈਨਕੂਵਰ ਪੁਲਿਸ ਨੇ ਦੱਸਿਆ ਕਿ ਜਦੋਂ ਐਂਬੂਲੈਂਸ ਮੁਲਾਜ਼ਮ ਮੌਕੇ 'ਤੇ ਪੁੱਜੇ ਤਾਂ ਉਨ੍ਹਾਂ ਨੂੰ ਛਾਤੀ ਦਬਾਉਣ ਦੌਰਾਨ ਚਾਕੂ ਦੇ ਜ਼ਖ਼ਮ ਮਿਲੇ। ਇਸ ਵਿਅਕਤੀ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ ਜ਼ਖ਼ਮਾਂ ਕਾਰਨ ਦਮ ਤੋੜ ਦਿੱਤਾ। ਵੈਨਕੂਵਰ ਵਿਚ 2021 'ਚ ਕਤਲ ਕੀਤਾ ਜਾਣ ਵਾਲਾ ਉਹ ਚੌਥਾ ਵਿਅਕਤੀ ਹੈ। ਉਸ ਦਾ ਨਾਂਅ ਰਿਲੀਜ਼ ਨਹੀਂ ਕੀਤਾ ਗਿਆ। ਵੀਪੀਡੀ ਨੇ ਕਿਹਾ ਕਿ ਕੋਈ ਗ੍ਰਿਫ਼ਤਾਰੀ ਨਹੀਂ ਕੀਤੀ ਗਈ। ਕਿਸੇ ਨੂੰ ਵੀ ਇਸ ਕਤਲ ਦੀ ਜਾਣਕਾਰੀ ਹੋਵੇ ਉਸ ਨੂੰ 604-717-2500 ਵਿਖੇ ਵੀਪੀਡੀ ਦੇ ਹੋਮੀਸਾਈਡ ਯੂਨਿਟ ਜਾਂ 1-800-222-8477 ਵਿਖੇ ਕਰਾਈਮ ਸਟੌਪਰਸ ਨੂੰ ਫੋਨ ਕਰਨ ਲਈ ਕਿਹਾ ਗਿਆ ਹੈ।

# ਪਾਬੰਦੀਆਂ ਦਾ ਐਲਾਨ ਸਿਆਸਤ ਤੋਂ ਪ੍ਰੇਰਿਤ-ਡਾ: ਦਲਜੀਤ ਚੀਮਾ

[ਸਫ਼ਾ 3 ਦੀ ਬਾਕੀ]

'ਤੇ ਉਤਰੇ ਮੁਲਾਜ਼ਮਾਂ 'ਤੇ ਵੀ ਪਾਬੰਦੀ ਲਗਾਉਣਾ ਚਾਹੁੰਦੀ ਹੈ। ਉਨ੍ਹਾਂ ਬਿਨਾਂ ਵਿਗਿਆਨਕ ਆਧਾਰ 'ਤੇ ਲੌਕਡਾਊਨ ਲਾਉਣ 'ਤੇ ਮੁੱਖ ਮੰਤਰੀ ਦੀ ਨਿਖੇਧੀ ਕਰਦਿਆਂ ਕਿਹਾ ਕਿ ਪੰਜਾਬ ਵਿਚ ਤਾਂ ਪਹਿਲਾਂ ਹੀ ਲੋਕ ਆਰਥਿਕ ਤੌਰ 'ਤੇ ਤਬਾਹ ਹੋਏ ਪਏ ਹਨ। ਜਨਤਕ ਅਤੇ ਨਿੱਜੀ ਸਮਾਗਮਾਂ ਵਿਚ ਲੋਕਾਂ ਦੇ ਇਕੱਠ 'ਤੇ ਰੋਕ ਲਗਾਉਣ ਨਾਲ ਵਪਾਰੀਆਂ ਦਾ ਹੋਰ ਨੁਕਸਾਨ ਹੋਵੇਗਾ। ਉਨ੍ਹਾਂ ਕਿਹਾ ਕਿ ਵੈਕਸੀਨ ਮੁਹਿੰਮ 'ਚ ਤੇਜ਼ੀ ਲਿਆਉਣ ਦੀ ਜਗ੍ਹਾ ਸਰਕਾਰ ਜਨਤਕ ਇਕੱਠਾਂ 'ਤੇ ਰੋਕ ਲਗਾ ਰਹੀ ਹੈ, ਜਿਸ ਨਾਲ ਸੂਬੇ ਦੀ ਆਰਥਿਕ ਹਾਲਤ ਹੋਰ ਵਿਗੜੇਗੀ।

# ਡਿਜੀਟਲ ਸੇਵਾਵਾਂ 'ਤੇ ਟੈਕਸ ਲਈ ਕੈਨੇਡਾ ਨੂੰ ਅਮਰੀਕੀ ਟੈਰਿਫ ਜਵਾਬੀ ਕਾਰਵਾਈ ਦਾ ਕਰਨਾ ਪੈ ਸਕਦਾ ਹੈ ਸਾਹਮਣਾ

ਓਟਵਾ-ਲਿਬਰਲ ਸਰਕਾਰ ਵਲੋਂ ਆ ਰਹੇ ਬਜਟ ਵਿਚ ਟੈਕ ਦਿਗਜ ਡਿਜੀਟਲ ਸੇਵਾਵਾਂ 'ਤੇ ਟੈਕਸ ਲਾਉਣ ਦੇ ਵਾਅਦੇ ਕਾਰਨ ਅਮਰੀਕਾ ਤੋਂ ਜਵਾਬੀ ਟੈਰਿਫ ਕਾਰਵਾਈ ਦਾ ਸਾਹਮਣਾ ਕੀਤੇ ਜਾਣ ਦੀ ਸੰਭਾਵਨਾ ਹੈ। 31 ਮਾਰਚ ਨੂੰ ਅਮਰੀਕੀ ਟਰੇਡ ਰੀਪ੍ਰੈਜ਼ੈਂਟੇਟਿਵ ਨੇ ਲੜੀਵਾਰ ਦਸਤਾਵੇਜ਼ਾਂ ਵਿਚ ਕਿਹਾ ਕਿ ਉਹ 6 ਦੇਸ਼ਾਂ 'ਤੇ ਟੈਰਿਫ ਲਾਗੂ ਕਰਨ 'ਤੇ ਵਿਚਾਰ ਕਰ ਰਿਹਾ ਹੈ ਜਿਨ੍ਹਾਂ ਨੇ ਇਸੇ ਤਰ੍ਹਾਂ ਦਾ ਡਿਜੀਟਲ ਸਰਵਿਸ ਟੈਕਸ ਲਗਾਏ ਹਨ। ਇਹ ਦੇਸ਼ ਹਨ ਆਸਟਰੀਆ, ਭਾਰਤ, ਇਟਲੀ, ਸਪੇਨ, ਤੁਰਕੀ ਤੇ ਯੂਕੇ। ਯੂਨੀਵਰਸਿਟੀ ਆਫ ਓਟਵਾ ਵਿਖੇ ਇੰਟਰਨੈੱਟ ਤੇ ਈ-ਕਾਮਰਸ ਲਾਅ ਵਿਚ ਪ੍ਰੋਫੈਸਰ ਤੇ ਕੈਨੇਡਾ ਰਿਸਰਚ ਚੇਅਰ ਮਾਈਕਲ ਗੀਸਟ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਕੈਨੇਡੀਅਨ ਦ੍ਰਿਸ਼ਟੀਕੋਣ ਤੋਂ ਜੇਕਰ ਅਮਰੀਕੀ ਮਾਮਲੇ ਵਿਚ ਕੈਨੇਡਾ ਅੱਗੇ ਵਧਦਾ ਹੈ ਤਾਂ ਉਸ ਨੂੰ ਟੈਰਿਫ ਜਵਾਬੀ ਕਾਰਵਾਈ ਦਾ ਸੰਭਵਤਾ ਸਾਹਮਣਾ ਕਰਨਾ ਪਵੇਗਾ। 19 ਅਪ੍ਰੈਲ ਨੂੰ ਪੇਸ਼ ਕੀਤੇ ਜਾਣ ਵਾਲੇ ਫੈਡਰਲ ਬਜਟ ਵਿਚ ਕੈਨੇਡਾ ਨੇ ਡਿਜੀਟਲ ਸੇਵਾਵਾਂ 'ਤੇ ਨਵਾਂ ਕਾਰਪੋਰੇਟ ਟੈਕਸ ਲਾਉਣ ਦੇ ਵੇਰਵੇ ਮੁਹੱਈਆ ਕਰਨੇ ਹਨ।

# ਓਨਟਾਰੀਓ 'ਚ ਸਟੇਅ ਐਟ ਹੋਮ ਆਰਡਰ ਜਾਰੀ-ਸੇਵਾਵਾਂ ਦੇ ਮੁਲਾਜ਼ਮਾਂ ਤੇ ਅਧਿਆਪਕਾਂ ਲਈ ਟੀਕਿਆਂ ਦਾ ਵਿਸਥਾਰ

ਟੋਰਾਂਟੋ-ਓਨਟਾਰੀਓ ਚ ਸਟੇਅ-ਐਟ-ਹੋਮ (ਘਰ ਅੰਦਰ ਰਹਿਣ) ਹੁਕਮ ਜਾਰੀ ਕੀਤਾ ਹੈ ਪਰ ਆਲੋਚਕਾਂ ਨੇ ਕਿਹਾ ਕਿ ਸੂਬਾ ਤੇਜ਼ੀ ਨਾਲ ਫੈਲ ਰਹੇ ਕੋਵਿਡ-19 ਵੈਰੀਐਂਟਸ ਨੂੰ ਕੰਟਰੋਲ ਕਰਨ ਲਈ ਬਹੁਤ ਮੱਠੀ ਚਾਲ ਚਲ ਰਿਹਾ ਹੈ ਜਿਸ ਨਾਲ ਹੈਲਥ ਕੇਅਰ ਸਿਸਟਮ ਨੂੰ ਖ਼ਤਰਾ ਪੈਦਾ ਹੋ ਗਿਆ ਹੈ। ਇਹ ਹੁਕਮ ਪ੍ਰੀਮੀਅਰ ਡੱਗ ਫੋਰਡ ਨੇ ਬੁੱਧਵਾਰ ਜਾਰੀ ਕੀਤਾ। ਇਕ ਹਫ਼ਤੇ ਤੋਂ ਵੀ ਘੱਟ ਸਮਾਂ ਪਹਿਲਾਂ ਉਨ੍ਹਾਂ ਦੀ ਸਰਕਾਰ ਨੇ ਸ਼ੱਟਡਾਊਨ ਦਾ ਐਲਾਨ ਕੀਤਾ ਸੀ ਜਿਸ ਰਾਹੀ ਰੈਸਟੋਰੈਂਟਾਂ ਵਿਚ ਬੈਠ ਕੇ ਖਾਣਾ ਖਾਣ ਤੋਂ ਰੋਕ ਦਿੱਤਾ ਗਿਆ ਸੀ ਪਰ ਗੈਰਜ਼ਰੂਰੀ ਰਿਟੇਲਰ ਖੁਲ੍ਹੇ ਰਹਿਣ ਦੀ ਇਜਾਜ਼ਤ ਸੀ ਅਤੇ ਟੋਰਾਂਟੋ ਅਤੇ ਪੀਲ ਰੀਜਨ ਵਰਗੇ ਹੌਟਸਪੌਟ ਮਹਾਂਮਾਰੀ ਤੋਂ ਅਛੂਤੇ ਰਹੇ। ਟੋਰਾਂਟੋ, ਪੀਲ ਤੇ ਓਟਵਾ ਵਿਚ ਸਿਹਤ ਮੈਡੀਕਲ ਅਫਸਰਾਂ ਦੀ ਨਾਂਹਪੱਖੀ ਪ੍ਰਤੀਕਿਰਿਆ ਪਿੱਛੋਂ ਫੋਰਡ ਦੀ ਕੈਬਨਿਟ ਨੇ ਅਚਨਚੇਤ ਤਬਦੀਲੀ ਕਰਦਿਆਂ ਤੀਸਰੀ ਐਮਰਜੈਂਸੀ ਲਾਉਣ ਦਾ ਐਲਾਨ ਕਰ ਦਿੱਤਾ ਅਤੇ ਹੋਰ ਥਾਵਾਂ ਬੰਦ ਰੱਖਣ ਦਾ ਹੁਕਮ ਦਿੱਤਾ। ਸਟੇਅ-ਐਟ-ਹੋਮ ਹੁਕਮ ਵੀਰਵਾਰ ਰਾਤ 12.01 ਅੱਧੀ ਰਾਤ ਤੋਂ ਚਾਰ ਹਫ਼ਤਿਆਂ ਤਕ ਲਾਗੂ ਰਹਿਣਗੇ। ਫੋਰਡ ਨੇ ਕਿਹਾ ਕਿ ਹਕੀਕਤ ਇਹ ਹੈ ਕਿ ਸਾਡੇ ਵਲੋਂ ਹੁਣ ਤਕ ਸਭ ਕੁਝ ਕਰਨ ਦੇ ਬਾਵਜੂਦ ਕੋਵਿਡ-19 ਦੀ ਸਥਿਤੀ ਓਨਟਾਰੀਓ ਵਿਚ ਲਗਾਤਾਰ ਖਰਾਬ ਹੋ ਰਹੀ ਹੈ ਕਿਉਂਕਿ ਇਹ ਨਵੇਂ ਵੈਰੀਐਂਟ ਲਗਾਤਾਰ ਫੈਲ ਰਹੇ ਹਨ।


ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ
FRONTLINE Immigration Services
Jograj Jagpal
Immigration Consultant & Recruiter
First Consultation No Fees
iccrc IMMIGRATION CONSULTANTS OF CANADA REGULATORY COUNCIL
• PR Card • Student Visa • Visitor Visa • Work Permit • Investor Visa • PNP • LMIA • Citizenship • Express Entry • Family Sponsorship • Appeals • Indian Visa Application • Indian Passport Renewal
• ਪੀ.ਆਰ • ਸੱਟਡੀ ਪਰਮਿਟ • ਵਿਜ਼ਟਰ ਵੀਜ਼ਾ • ਵਰਕ ਪਰਮਿਟ • ਨਿਵੇਸ਼ਕ ਵੀਜ਼ਾ • ਪੀ.ਐਨ.ਪੀ • ਐਲ.ਐਮ ਆਈ ਏ • ਸਿਟੀਜ਼ਨਸ਼ਿਪ • ਐਕਸਪ੍ਰੈਸ ਐਂਟਰੀ • ਫੈਮਲੀ ਸਪਾਂਸਰਸ਼ਿਪ • ਅਪੀਲਜ਼ • ਇੰਡੀਆ ਵੀਜ਼ਾ ਐਪਲੀਕੇਸ਼ਨ • ਇੰਡੀਅਨ ਪਾਸਪੋਰਟ ਰੀਨਿਊਅਲ
Positions Available
• Electricians • Painters • Admin Assistant • Construction Manager • Warehouse Manager • Carpenters • Maison Workers • Cook • Restaurant Manager
ਅਸੀਂ ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ
604-503-1072 | #4 - 13426 72 Ave., Surrey
E: immigrationfrontline@gmail.com

## ਸੰਪਾਦਕੀ

# ਕਿਸਾਨ ਅੰਦੋਲਨ ਲਟਕਿਆ... ਕੀ ਚਾਹੁੰਦੀ ਹੈ ਸਰਕਾਰ...?

**ਸੁਖਵਿੰਦਰ ਸਿੰਘ ਚੋਹਲਾ**

ਤਿੰਨ ਖੇਤੀ ਕਨੂੰਨਾਂ ਨੂੰ ਰੱਦ ਕਰਵਾਉਣ ਅਤੇ ਐਮ ਐਸ ਪੀ ਉਪਰ ਕਨੂੰਨ ਬਣਾਏ ਜਾਣ ਦੀ ਮੰਗ ਨੂੰ ਲੈਕੇ ਕਿਸਾਨ ਅੰਦੋਲਨ ਨੂੰ 4 ਮਹੀਨੇ ਤੋ ਉਪਰ ਦਾ ਸਮਾਂ ਬੀਤ ਚੁੱਕਾ ਹੈ। ਪ੍ਰਧਾਨ ਮੰਤਰੀ ਮੋਦੀ ਜੋ ਕਿਸਾਨ ਆਗੂਆਂ ਨਾਲ ਗੱਲਬਾਤ ਲਈ ਇਕ ਫੋਨ ਕਾਲ ਦੀ ਦੂਰੀ ਉਪਰ ਹੋਣ ਦਾ ਸੁਨੇਹਾ ਦੇ ਰਹੇ ਸਨ, ਪੰਜ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੇ ਸਟਾਰ ਪ੍ਰਚਾਰਕ ਵਜੋ ਸਰਕਾਰ ਦੀਆਂ ਪ੍ਰਾਪਤੀਆਂ ਗਿਣਵਾਉਂਦੇ ਹੋਏ 'ਦੀਦੀ -ਦੀਦੀ' ਦੀਆਂ ਨਕਲਾਂ ਲਾ ਰਹੇ ਹਨ। ਅਜਿਹਾ ਕਰਦਿਆਂ ਉਹ ਭੁਲ ਹੀ ਜਾਂਦੇ ਹਨ ਕਿ ਉਹ ਇਕ ਦੇਸ਼ ਦੇ ਪ੍ਰਧਾਨ ਮੰਤਰੀ ਵੀ ਹਨ। ਸਮਝਿਆ ਜਾ ਰਿਹਾ ਹੈ ਕਿ ਮੋਦੀ ਸਾਹਿਬ ਇਹਨਾਂ ਰਾਜਾਂ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਦੀ ਜਿੱਤ ਦਾ ਪਰਚਮ ਲਹਿਰਾਉਣ ਦੀ ਉਮੀਦ ਨਾਲ ਕਿਸਾਨ ਅੰਦੋਲਨ ਨੂੰ ਢੁਕਵਾਂ ਜਵਾਬ ਦੇਣ ਦੀ ਤਿਆਰੀ ਕਰ ਰਹੇ ਹਨ। ਅਗਰ ਇਹਨਾਂ ਚੋਣਾਂ ਵਿਚ ਭਾਜਪਾ ਜੇਤੂ ਹੁੰਦੀ ਹੈ ਤਾਂ ਉਹਨਾਂ ਦਾ ਇਹ ਦਾਅਵਾ ਮਜ਼ਬੂਤ ਹੋ ਜਾਵੇਗਾ ਕਿ ਦੇਸ਼ ਦੀ ਜਨਤਾ ਸਰਕਾਰ ਦੀਆਂ ਨੀਤੀਆਂ ਤੋ ਖੁਸ਼ ਹੈ। ਉਹਨਾਂ ਲਈ ਕਿਸਾਨ ਅੰਦੋਲਨ ਨੂੰ ਭਾਜਪਾ ਵਿਰੋਧੀ ਤਾਕਤਾਂ ਦਾ ਅੰਦੋਲਨ ਕਰਾਰ ਦੇਣਾ ਹੋਰ ਸੌਖਾ ਹੋ ਜਾਵੇਗਾ। ਇਸੇ ਦੌਰਾਨ ਕਿਸਾਨ ਅੰਦੋਲਨ ਦੇ ਮੋਹਰੀ ਆਗੂ ਰਾਕੇਸ਼ ਟਿਕੈਤ ਦੇ ਕਾਫਲੇ ਉਪਰ ਰਾਜਸਥਾਨ ਦੇ ਸ਼ਹਿਰ ਅਲਵਰ ਵਿਚ ਕੁਝ ਭਾਜਪਾ ਕਾਰਕੁੰਨਾਂ ਵਲੋ ਹਮਲਾ ਚੌਂਕਾ ਦੇਣ ਵਾਲਾ ਹੈ। ਇਹ ਹਮਲਾ ਉਸ ਸਮੇ ਹੋਇਆ ਜਦੋ ਉਹ ਬਾਂਸੁਰ ਪਿੰਡ ਵਿਚ ਇਕ ਰੈਲੀ ਨੂੰ ਸੰਬੋਧਨ ਕਰਨ ਜਾ ਰਹੇ ਸਨ। ਉਹਨਾਂ ਆਪਣੇ ਸਮਰਥਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕਰਦਿਆਂ ਅਗਲੇਰਾ ਸਮਾਂ ਹੋਰ ਵੀ ਚੁਣੌਤੀਆਂ ਭਰਪੂਰ ਹੋਣ ਲਈ ਚੌਕਸ ਕੀਤਾ ਹੈ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਕਿਸਾਨ ਆਗੂ ਉਪਰ ਹਮਲੇ ਦੀ ਤਿੱਖੀ ਨਿੰਦਾ ਕਰਦਿਆਂ ਦੋਸ਼ੀਆਂ ਖਿਲਾਫ ਸਖਤ ਕਾਰਵਾਈ ਦਾ ਭਰੋਸਾ ਦਿੱਤਾ ਹੈ। ਰਾਜਸਥਾਨ ਪੁਲਿਸ ਨੇ ਹਮਲਾਵਰਾਂ ਖਿਲਾਫ ਕਨੂੰਨੀ ਕਾਰਵਾਈ ਕਰਦਿਆਂ 14 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਜਿਹਨਾਂ ਵਿਚ ਭਾਜਪਾ ਯੂਥ ਵਿੰਗ ਦਾ ਆਗੂ ਕੁਲਦੀਪ ਯਾਦਵ ਸ਼ਾਮਿਲ ਹੈ। ਭਾਜਪਾ ਨੇ ਕਿਸਾਨ ਆਗੂ ਉਪਰ ਹਮਲੇ ਵਿਚ ਆਪਣੇ ਵਰਕਰਾਂ ਦੇ ਹੱਥ ਹੋਣ ਤੋ ਇਨਕਾਰ ਕਰਦਿਆਂ ਰਾਜਸਥਾਨ ਦੀ ਕਾਂਗਰਸ ਸਰਕਾਰ ਉਪਰ ਉਂਗਲ ਧਰੀ ਹੈ। ਉਹਨਾਂ ਦਾ ਸਵਾਲ ਹੈ ਕਿ ਜਦੋ ਇਹ ਘਟਨਾ ਵਾਪਰੀ ਉਸ ਸਮੇ ਪੁਲਿਸ ਤਮਾਸ਼ਬੀਨ ਕਿਉਂ ਬਣੀ ਰਹੀ?

ਭਾਜਪਾ ਇਸ ਘਟਨਾ ਵਿਚ ਆਪਣੇ ਵਰਕਰਾਂ ਦੇ ਸ਼ਾਮਿਲ ਹੋਣ ਤੋ ਇਨਕਾਰ ਕਰ ਸਕਦੀ ਹੈ। ਸੋਚਿਆ ਜਾ ਸਕਦਾ ਹੈ ਕਿ ਅਗਰ ਸੂਬੇ ਵਿਚ ਭਾਜਪਾ ਦੀ ਸਰਕਾਰ ਹੁੰਦੀ ਤਾਂ ਇਸ ਇਨਕਾਰ ਦੀ ਪੁਲਿਸ ਅਧਿਕਾਰੀਆਂ ਨੇ ਵੀ ਪੁਸ਼ਟੀ ਕਰ ਦੇਣੀ ਸੀ। ਸੂਬੇ ਵਿਚ ਕਾਂਗਰਸ ਦੀ ਸਰਕਾਰ ਹੋਣ ਕਾਰਣ ਭਾਜਪਾ ਵਰਕਰਾਂ ਖਿਲਾਫ ਤੁਰੰਤ ਕਾਰਵਾਈ ਸੰਭਵ ਹੋ ਸਕੀ ਹੈ।

ਰਾਜਧਾਨੀ ਦਿੱਲੀ ਦੇ ਬਾਹਰ ਬੈਠੇ ਅੰਦੋਲਨਕਾਰੀ ਕਿਸਾਨਾਂ ਪ੍ਰਤੀ ਸਰਕਾਰ ਦਾ ਉਦਾਸੀਨ ਰਵੱਈਆ ਤਾਂ ਨਿੰਦਾਜਨਕ ਹੈ ਹੀ ਪਰ ਹੁਣ ਇਸ ਤਾਜ਼ਾ ਘਟਨਾ ਨੇ ਕਿਸਾਨ ਅੰਦੋਲਨ ਪ੍ਰਤੀ ਭਾਜਪਾ ਅੰਦਰ ਪਲ ਰਹੀ ਨਫਰਤ ਵੀ ਜ਼ਾਹਰ ਕਰ ਦਿੱਤੀ ਹੈ। ਕਿਸਾਨ ਅੰਦੋਲਨਕਾਰੀਆਂ ਵਲੋ ਵੱਖ- ਵੱਖ ਥਾਵਾਂ ਉਪਰ ਭਾਜਪਾ ਆਗੂਆਂ ਤੇ ਕੇਂਦਰੀ ਮੰਤਰੀਆਂ ਦੇ ਵਿਰੋਧ ਦੀਆਂ ਘਟਨਾਵਾਂ ਦਰਮਿਆਨ ਭਾਜਪਾ ਵਰਕਰਾਂ ਵਲੋ ਕਿਸਾਨ ਆਗੂਆਂ ਦੇ ਵਿਰੋਧ ਦੀ ਘਟਨਾ ਨੂੰ ਬਦਲਾ ਲਊ ਕਾਰਵਾਈ ਵੀ ਆਖਿਆ ਜਾ ਸਕਦਾ ਹੈ। ਖੇਤੀ ਕਨੂੰਨਾਂ ਦੇ ਪੱਖ ਵਿਚ ਸਰਕਾਰ ਦੀ ਕਿਸਾਨ ਸੰਪਰਕ ਮੁਹਿੰਮ ਦੇ ਠੁੱਸ ਹੋ ਜਾਣ ਨੂੰ ਵੀ ਇਸ ਕਿਸਾਨ ਅੰਦੋਲਨ ਪ੍ਰਤੀ ਨਫਰਤ ਨਾਲ ਜੋੜਿਆ ਜਾ ਸਕਦਾ ਹੈ। ਕਿਸਾਨ ਆਗੂ ਰਾਕੇਸ਼ ਟਿਕੈਤ ਨੇ ਭਾਵੇਂਕਿ ਕਿਸਾਨ ਅੰਦੋਲਨਕਾਰੀਆਂ ਤੇ ਸਮਰਥਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਹੈ ਪਰ ਇਸ ਘਟਨਾ ਉਪਰੰਤ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੂੰ ਆਪਣੀ ਰਣਨੀਤੀ ਬਾਰੇ ਵੀ ਨਜ਼ਰਸਾਨੀ ਦੀ ਲੋੜ ਹੈ। ਉਹਨਾਂ ਦਾ ਸਿਆਸਤ ਤੋ ਦੂਰ ਰਹਿਣ ਦਾ ਫੈਸਲਾ ਜੋ ਵੀ ਹੈ ਪਰ ਭਾਜਪਾ ਵਿਰੋਧੀ ਸਿਆਸੀ ਪਾਰਟੀਆਂ ਦਾ ਸਮਰਥਨ ਲੈਣ ਅਤੇ ਅੰਦੋਲਨ ਦੇ ਨੇੜੇ ਨਾ ਆਉਣ ਦੇਣ ਦਾ ਫੈਸਲਾ ਸਵਾਲਾਂ ਦੇ ਘੇਰੇ ਵਿਚ ਹੈ। ਕਿਸਾਨ ਸਿਆਸੀ ਪਾਰਟੀਆਂ ਨੂੰ ਵੋਟ ਤਾਂ ਦੇਣ ਪਰ ਉਸ ਵੋਟ ਸ਼ਕਤੀ ਦਾ ਇਸਤੇਮਾਲ ਕੋਈ ਹੋਰ ਕਰੇ? ਸਵਾਲ ਤਾਂ ਗੰਭੀਰ ਹੈ।

ਪੰਜਾਬ ਤੋ ਦਿੱਲੀ ਦੀਆਂ ਹੱਦਾਂ ਉਪਰ ਪੁੱਜਣ ਵਾਲੇ ਕਿਸਾਨ ਅੰਦੋਲਨ ਨੂੰ ਖਦੇੜਨ ਲਈ ਮੋਦੀ ਸਰਕਾਰ ਨੇ ਪੂਰੇ ਪ੍ਰਬੰਧ ਕਰ ਲਏ ਸਨ। ਪੰਜਾਬ ਦੇ ਕਿਸਾਨ ਆਗੂਆਂ ਨੂੰ ਅੱਤਵਾਦੀ, ਵੱਖਵਾਦੀ ਤੇ ਨਕਸਲਵਾਦੀ ਐਲਾਨ ਕਰਦਿਆਂ 26 ਜਨਵਰੀ ਦਾ ਘਟਨਾਕ੍ਰਮ ਅੰਦੋਲਨ ਦੇ ਖਾਤਮੇ ਲਈ ਮੋਦੀ ਸਰਕਾਰ ਦੀ ਵੱਡੀ ਚਾਲ ਸੀ। ਉਦੋ ਤੱਕ ਦੇਸ਼ ਵਿਆਪੀ ਇਸ ਕਿਸਾਨ ਅੰਦੋਲਨ ਦੇ ਇਕ ਆਗੂ ਵਜੋ ਕੋਈ ਚਿਹਰਾ ਵੀ ਨਹੀਂ ਸੀ ਉਭਰਿਆ। ਪਰ 26 ਜਨਵਰੀ ਉਪਰੰਤ ਰਾਕੇਸ਼ ਟਿਕੈਤ ਕਿਸਾਨ ਅੰਦੋਲਨ ਦੇ ਹੁਣ ਮੋਹਰੀ ਆਗੂ ਹਨ। ਦੇਸ਼ ਵਿਆਪੀ ਕਿਸਾਨ ਅੰਦੋਲਨ ਦਾ ਚਿਹਰਾ। ਉਹ ਚਿਹਰਾ ਜੋ ਪੰਜਾਬ ਤੋ ਬਾਹਰ ਹਰਿਆਣਾ, ਯੂ ਪੀ, ਮੱਧ ਪ੍ਰਦੇਸ਼ ਤੇ ਰਾਜਸਥਾਨ ਵਿਚ ਕਿਸਾਨਾਂ ਤੇ ਜਾਟਾਂ ਦੇ ਆਗੂ ਵਜੋ ਉਭਰਿਆ ਹੈ। ਸ਼ਾਮਲੀ ਦੀ ਮਹਾਂਪੰਚਾਇਤ ਉਪਰੰਤ ਮੁਲਕ ਵਿਚ ਜੋ ਮਹਾਂਪੰਚਾਇਤਾਂ ਦਾ ਸਿਲਸਿਲਾ ਆਰੰਭ ਹੋਇਆ ਹੈ ਤੇ ਰਾਕੇਸ਼ ਟਿਕੈਤ ਨੂੰ ਇਹਨਾਂ ਮਹਾਂਪੰਚਾਇਤਾਂ ਵਿਚ ਜੋ ਮਾਨ ਸਨਮਾਨ ਮਿਲ ਰਿਹਾ ਹੈ, ਉਸਨੂੰ ਸਹਿਣ ਕਰਨਾ ਕਿਸੇ ਵੀ ਰਾਜਸੀ ਜਾਂ ਗੈਰ ਰਾਜਸੀ ਸ਼ਰੀਕੇਬਾਜ਼ਾਂ ਲਈ ਸਹਿਜ ਨਹੀ। ਰਾਕੇਸ਼ ਟਿਕੈਤ ਦੀ ਕਿਸਾਨ ਅੰਦੋਲਨ ਦੇ ਆਗੂ ਵਜੋ ਸਵੀਕ੍ਰਿਤੀ ਦਾ ਜਿੰਨਾ ਭਾਜਪਾ ਜਾਂ ਮੋਦੀ ਸਰਕਾਰ ਨੂੰ ਨੁਕਸਾਨ ਪੁੱਜਾ ਜਾਂ ਪੁੱਜ ਰਿਹਾ ਹੈ, ਉਸਦਾ ਖਮਿਆਜ਼ਾ ਉਹਨਾਂ ਨੂੰ ਹਰ ਹਾਲ ਭੁਗਤਣਾ ਪੈਣਾ ਹੈ। ਸੱਚ ਇਹ ਹੈ ਕਿ ਮੋਦੀ ਸਰਕਾਰ ਜਾਂ ਭਾਜਪਾ ਨੂੰ ਪੰਜਾਬ ਦੇ ਕਿਸਾਨ ਆਗੂਆਂ ਤੋ ਸ਼ਾਇਦ ਇੰਨੀ ਜ਼ਿਆਦਾ ਪ੍ਰੇਸ਼ਾਨੀ ਨਹੀ ਸੀ ਜਿੰਨੀ ਪ੍ਰੇਸ਼ਾਨੀ ਹੁਣ ਉਹਨਾਂ ਨੂੰ ਅੰਦੋਲਨ ਦੇ ਮੁੱਖ ਚਿਹਰੇ ਵਜੋ ਟਿਕੈਤ ਦੇ ਉਭਾਰ ਤੋ ਹੈ। ਬਿਨਾਂ ਸ਼ੱਕ ਪੰਜਾਬ ਦੇ ਕਿਸਾਨ ਆਗੂਆਂ ਨੇ ਮੁਲਕ ਦੇ ਕਿਸਾਨਾਂ ਨੂੰ ਕਾਲੇ ਕਨੂੰਨਾਂ ਪ੍ਰਤੀ ਜਾਗਰੂਕ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ ਹੈ ਪਰ ਲੀਡਰਸ਼ਿਪ ਦੇ ਮੁੱਦੇ ਉਪਰ ਪੈਦਾ ਹੋਈ ਜਾਂ ਪੈਦਾ ਕੀਤੀ ਗਈ ਉਲਝਣ ਸਰਕਾਰ ਨੂੰ ਰਾਹਤ ਦੇਣ ਵਾਲੀ ਹੈ। 80ਵਿਆਂ ਵਿਚ ਅਕਾਲੀ ਦਲ ਦੇ ਧਰਮ ਯੁੱਧ ਮੋਰਚੇ ਚੋ ਪੈਦਾ ਕੀਤੀ ਗਈ ਖਾੜਕੂਵਾਦ ਦੀ ਲਹਿਰ ਅਤੇ ਫਿਰ ਇਸਨੂੰ ਮੁਲਕ ਦੀ ਏਕਤਾ, ਅਖੰਡਤਾ ਤੇ ਸ਼ਾਂਤੀ ਸਥਾਪਨਾ ਦੇ ਨਾਮ ਹੇਠ ਖਤਮ ਕੀਤੇ ਜਾਣ ਵਾਂਗ ਮੋਦੀ ਸਰਕਾਰ ਵੀ ਕਿਸਾਨ ਅੰਦੋਲਨ ਨੂੰ ਲਟਕਾਉਣ ਵਿਚ ਹੀ ਸ਼ਾਇਦ ਕੋਈ ਹੱਲ ਤਲਾਸ਼ ਰਹੀ ਹੈ। ਉਸਦੇ ਸਲਾਹਕਾਰ ਵੀ ਤਾਂ ਉਹੀ ਹਨ ਜੋ ਸਾਕਾ ਨੀਲਾ ਤਾਰਾ ਸਮੇਂ ਤਤਕਾਲੀ ਸਰਕਾਰ ਦੇ ਸਨ। ਕਿਸਾਨ ਅੰਦੋਲਨ ਦੀ ਅਗਵਾਈ ਲਈ ਨੌਜਵਾਨਾਂ ਦੀ ਭੂਮਿਕਾ ਉਪਰ ਬੇਲੋੜਾ ਬਿਖੇੜਾ ਖੜਾ ਕਰਨ ਪਿੱਛੇ ਕੌਣ ਤਾਕਤਾਂ ਹਨ? ਹਰਿਆਣਾ ਤੇ ਯੂ ਪੀ ਦੀਆਂ ਕਿਸਾਨ ਜਥੇਬੰਦੀਆਂ ਵਿਚਾਲੇ 'ਬਜੁਰਗ ਤੇ ਨੌਜਵਾਨ' ਕਿਸਾਨਾਂ ਦਾ ਕੋਈ ਮੁੱਦਾ ਨਹੀ। ਫਿਰ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵਿਚਾਲੇ ਇਹ ਮੁੱਦਾ ਇਤਨਾ ਵੱਡਾ ਕਿਉ? ਦੀਪ ਸਿੱਧੂ ਜਾਂ ਲੱਖਾ ਸਿਧਾਣਾ ਜਿਹੇ ਲੋਕਾਂ ਨੂੰ ਹੀ ਪੰਜਾਬ ਦੇ ਨੌਜਵਾਨਾਂ ਦਾ ਆਦਰਸ਼ ਸਥਾਪਿਤ ਕਰਨ ਦੀਆਂ ਕੋਸ਼ਿਸ਼ਾਂ ਕਿਉਂ ਹਨ? ਕੀ ਅੰਦੋਲਨ ਵਿਚ ਸ਼ਾਮਿਲ ਬਾਕੀ ਨੌਜਵਾਨਾਂ ਨੂੰ ਪੰਜਾਬ ਦੀ ਕਿਰਸਾਨੀ ਤੇ ਸਿੱਖ ਮੁੱਦਿਆਂ ਦੀ ਸਮਝ ਨਹੀ ਹੈ? ਅੰਦੋਲਨ ਵਿਚ ਨੌਜਵਾਨਾਂ ਦੀ ਸ਼ਮੂਲੀਅਤ ਅਤੇ ਅਗਵਾਈ ਦਾ ਮੁੱਦਾ ਉਭਾਰਨ ਵਾਲੀਆਂ ਧਿਰਾਂ ਕੌਣ ਹਨ?

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸਮਝ ਤਾਂ ਹੈ ਪਰ ਮਜ਼ਬੂਰੀਆਂ ਵੀ ਨਾਲ ਹਨ। ਲੱਖਾ ਸਿਧਾਣਾ ਦੀ ਅੰਦੋਲਨ ਵਿਚ ਵਾਪਸੀ ਦੇ ਮੁੱਦੇ ਉਪਰ ਇਹਨਾਂ ਮਜਬੂਰੀਆਂ ਨੂੰ ਸਮਝਿਆ ਜਾ ਸਕਦਾ ਹੈ। ਸਹਿਮਤੀ ਤੇ ਅਸਹਿਮਤੀ ਦੇ ਨਾਮ 'ਤੇ ਉਲਝਣ ਹੈ, ਵਿਵਾਦ ਹੈ। ਇਕ ਧਿਰ ਨੂੰ ਦੀਪ ਸਿੱਧੂ ਦਾ ਨਾਮ ਲੈਣਾ ਵੀ ਗਵਾਰਾ ਨਹੀਂ। ਕੁਝ ਲਈ ਕੋਈ ਹੀਰੋ ਹੈ ਤੇ ਕੁਝ ਲਈ ਕੋਈ ਗੱਦਾਰ। ਅੰਦੋਲਨ ਲਈ ਸਿਰ ਧੜ ਦੀ ਬਾਜ਼ੀ ਹੈ ਪਰ ਆਗੂਆਂ ਦੀ ਭੜਾਂਦੀ ਸੁਰ ਵਿਚ ਸ਼ੋਰ ਹੈ। ਸਰਕਾਰ ਵੀ ਇਹੀ ਤਾਂ ਇਹੀ ਚਾਹੁੰਦੀ ਹੈ ? ਸਰਕਾਰ ਦੀ ਬਦਨੀਤੀ ਨੂੰ ਸਮਝਣ ਦੀ ਲੋੜ ਹੈ।

ਸ. ਮੈਹਿੰਗਾ ਸਿੰਘ ਸਰਾਫ਼ ਮੁੱਲਾਂਪੁਰ ਵਾਲੇ
S & S
Jewellers Ltd.
Authorized Dealer
20% OFF SEIKO, PULSAR
ALL Watches
(3 Yrs Limited Warranty)
Specializing in:
22 Kt & 24 Kt
- Ready Made & Custom Made
- Jewellery, Repairs - Lucky Birth Stones
- Appraisals
Diamond Ring 50% Off
Surjit S. Kanda * Avtar S. Kanda
604.582.5849
9269 - 120 St. Delta BC V4C 6R8



Homeowner • Fleet • Business • Auto • Travel • Boats • Life • Critical • Cargo • Commercial

7 Days a Week! 9 am to 9pm

HOUSE INSURANCE

| House | Contents | Liability | Premium |
|---|---|---|---|
| $450,000 | $315,000 | 1 Million | $302 /YEAR |
| $550,000 | $385,000 | 1 Million | $346 /YEAR |
| $650,000 | $455,000 | 1 Million | $407 /YEAR |
| $750,000 | $525,000 | 1 Million | $467 /YEAR |

Discounts may vary due to individual circumstances and policy requirements.
Rates subject to change without notice.
Above Rates Includes: * Senior Discount * Claims Free Discount * New Home Discount * Mortgage Free Discount * Home Production Discount * Deductible Applicable * Monthly Payment Plan

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜੇ ਤੋਂ ਸ਼ਾਮ 9 ਵਜੇ ਤੱਕ ਖੁੱਲ੍ਹਦੇ ਹਨ।






ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ
ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ 'ਤੇ ਕਰਦੇ ਹਾਂ।
JASWINDER S. PARMAR
604-351-6539

AMC INSURANCE SERVICES LTD.

| SURREY (HEAD OFFICE) | CLOVERDALE | LANGLEY | COQUITLAM | COQUITLAM | VANCOUVER | ABBOTSFORD | NORTH VANCOUVER |
|---|---|---|---|---|---|---|---|
| Ph: 604.507.6666 | Ph: 604.576.6648 | Ph: 604.882.6000 | Ph: 604.939.2425 | Ph: 604-942-3555 | Ph: 604-876-0126 | Ph: 604.744.0360 | Ph: 604-985-3185 |
| #120, 12888 - 80th Ave. | 134 -17455, Hwy 10 | 160-20728 Willoughby Town Center Dr | #404, 552 Clarke Rd | 405-1192 Lansdowne Dr | 4075 Combie Street | 31696 South Fraserway | 140 East 14th Street, North Vancouver |

Call us to Save minimum 10% or more on your Insurance
80th Ave. 130th St. 128th St AMC Insurance AirCare
ਅਸੀਂ ਸੁਪਰਵੀਜ਼ਾ ਲਈ ਮੈਡੀਕਲ ਇੰਸ਼ੋਰੈਂਸ ਵੀ ਕਰਦੇ ਹਾਂ।
ਜੇਕਰ ਵੀਜ਼ਾ ਨਾ ਮਿਲੇ ਤਾਂ ਪੈਸੇ ਵਾਪਸ ਕੀਤੇ ਜਾਂਦੇ ਹਨ।
www.amcinsurance.ca • jparmar@amcinsurance.ca

# ਨਕਸਲੀਆਂ ਨਾਲ ਮੁਕਾਬਲੇ ਵਿਚ 22 ਜਵਾਨ ਸ਼ਹੀਦ

## ਸਮਝੌਤੇ ਪਿੱਛੋਂ ਬੰਦੀ ਕਮਾਂਡੋ ਰਿਹਾਅ ਕੀਤਾ

ਰਾਏਪੁਰ-ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਬੀਜਾਪੁਰ ਤੇ ਸੁਕਮਾ ਜ਼ਿਲ੍ਹੇ ਦੀ ਹੱਦ 'ਤੇ ਹੋਏ ਮੁਕਾਬਲੇ 'ਚ ਸੁਰੱਖਿਆ ਬਲਾਂ ਦੇ 22 ਜਵਾਨ ਸ਼ਹੀਦ ਹੋ ਗਏ ਹਨ। ਸੁਰੱਖਿਆ ਬਲਾਂ ਨੇ ਲਾਪਤਾ 17 ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਸੂਬੇ ਦੇ ਸੀਨੀਅਰ ਪੁਲੀਸ ਅਧਿਕਾਰੀ ਨੇ ਅੱਜ ਦੱਸਿਆ ਕਿ ਸੁਰੱਖਿਆ ਬਲਾਂ ਨੇ ਅੱਜ ਘਟਨਾ ਵਾਲੀ ਥਾਂ ਤੋਂ ਲਾਪਤਾ 17 ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕੀਤੀਆਂ ਹਨ। ਉਨ੍ਹਾਂ ਦੱਸਿਆ ਕਿ ਬੀਤੇ ਦਿਨ ਸੁਕਮਾ ਜ਼ਿਲ੍ਹੇ ਦੇ ਜਗਰਗੁੰਡਾ ਥਾਣੇ ਅਧੀਨ ਪੈਂਦੇ ਜੋਨਾਗੁੜਾ ਪਿੰਡ ਨੇੜੇ ਸੁਰੱਖਿਆ ਬਲਾਂ ਅਤੇ ਨਕਸਲੀਆਂ ਵਿਚਾਲੇ ਹੋਏ ਮੁਕਾਬਲ 'ਚ ਪੰਜ ਜਵਾਨਾਂ ਦੇ ਸ਼ਹੀਦ ਹੋਣ ਤੇ 30 ਹੋਰ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਮਿਲੀ ਸੀ। ਅਧਿਕਾਰੀਆਂ ਨੇ ਦੱਸਿਆ ਕਿ ਸ਼ਹੀਦ ਜਵਾਨਾਂ 'ਚੋਂ ਦੋ ਦੀਆਂ ਲਾਸ਼ਾਂ ਸੁਰੱਖਿਆ ਬਲਾਂ ਨੇ ਬਰਾਮਦ ਕਰ ਲਈਆਂ ਸਨ ਅਤੇ ਤਿੰਨ ਹੋਰ ਜਵਾਨਾਂ ਦੀਆਂ ਲਾਸ਼ਾਂ ਕੈਂਪ 'ਚ ਨਹੀਂ ਲਿਆਂਦੀਆਂ ਜਾ ਸਕੀਆਂ ਸਨ। ਉੱਥੇ ਹੀ ਇਸ ਘਟਨਾ ਦੌਰਾਨ 18 ਹੋਰ ਜਵਾਨਾਂ ਦੇ ਲਾਪਤਾ ਹੋਣ ਦੀ ਜਾਣਕਾਰੀ ਮਿਲੀ ਸੀ। ਸੁਰੱਖਿਆ ਬਲਾਂ ਦੇ ਕੁਝ ਹਥਿਆਰ ਵੀ ਗੁੰਮ ਹੋਣ ਦੀ ਜਾਣਕਾਰੀ ਮਿਲੀ ਸੀ। ਉਨ੍ਹਾਂ ਦੱਸਿਆ ਕਿ ਸ਼ਹੀਦ ਜਵਾਨਾਂ 'ਚ ਸੀਆਰਪੀਐੱਫ, ਕੋਬਰਾ, ਜ਼ਿਲ੍ਹਾ ਰਿਜ਼ਰਵ ਗਾਰਡ ਦੇ ਜਵਾਨ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਲਾਪਤਾ ਜਵਾਨਾਂ ਦੀ ਭਾਲ 'ਚ ਅੱਜ ਸੁਰੱਖਿਆ ਬਲ ਰਵਾਨਾ ਕੀਤੇ ਗਏ ਸਨ। ਸੁਰੱਖਿਆ ਬਲਾਂ ਨੇ ਬੀਤੇ ਦਿਨ ਸ਼ਹੀਦ ਹੋਏ ਤਿੰਨ ਜਵਾਨਾਂ ਅਤੇ 17 ਹੋਰ ਜਵਾਨਾਂ ਦੀਆਂ ਲਾਸ਼ਾਂ ਬਰਾਮਦ ਕਰ ਲਈਆਂ ਹਨ। ਉਨ੍ਹਾਂ ਦੱਸਿਆ ਕਿ ਇੱਕ ਜਵਾਨ ਦੀ ਭਾਲ ਕੀਤੀ ਜਾ ਰਹੀ ਹੈ। ਹੁਣ ਤੱਕ ਇਸ ਘਟਨਾ 'ਚ 22 ਜਵਾਨ ਸ਼ਹੀਦ ਹੋਏ ਹਨ।



### ਬੰਦੀ ਕਮਾਂਡੋ ਰਿਹਾਅ

ਰਾਏਪੁਰ-ਛੱਤੀਸਗੜ੍ਹ ਦੇ ਬੀਜਾਪੁਰ ਵਿੱਚ ਪਿਛਲੇ ਦਿਨੀਂ ਨੀਮ ਫੌਜੀ ਬਲਾਂ ਦੀ ਟੁਕੜੀ ਨਾਲ ਹੋਏ ਮੁਕਾਬਲੇ ਦੌਰਾਨ ਅਗਵਾ ਕੀਤੇ ਕੋਬਰਾ ਕਮਾਂਡੋ ਨੂੰ ਨਕਸਲੀਆਂ ਨੇ ਸ਼ਾਮੀਂ ਰਿਹਾਅ ਕਰ ਦਿੱਤਾ ਹੈ। ਸੁਰੱਖਿਆ ਅਧਿਕਾਰੀਆਂ ਨੇ ਇਕ ਤਸਵੀਰ ਸਾਂਝੀ ਕੀਤੀ ਹੈ ਜਿਸ ਵਿੱਚ ਮਨਹਾਸ ਹਰੇ ਰੰਗ ਦੀ ਆਪਣੀ ਫੌਜੀ ਵਰਦੀ ਵਿੱਚ ਨਜ਼ਰ ਆ ਰਿਹਾ ਹੈ। ਤਸਵੀਰ ਦੇ ਪਿਛੋਕੜ ਵਿੱਚ ਸਥਾਨਕ ਲੋਕ ਹਨ ਤੇ ਉਹ ਘੱਟੋ-ਘੱਟ ਚਾਰ 'ਵਾਰਤਾਕਾਰਾਂ' ਨਾਲ ਖੜ੍ਹਾ ਵਿਖਾਈ ਦੇ ਰਿਹਾ ਹੈ। ਹਾਲਾਂਕਿ ਅਜੇ ਤੱਕ ਇਸ ਤਸਵੀਰ ਦੀ ਤਸਦੀਕ ਨਹੀਂ ਹੋ ਸਕੀ। ਇਕ ਹੋਰ ਤਸਵੀਰ ਵਿੱਚ ਕਮਾਂਡੋ ਸਥਾਨਕ ਪੱਤਰਕਾਰ ਨਾਲ ਮੋਟਰਸਾਈਕਲ 'ਤੇ ਪਿੱਛੇ ਬੈਠਾ ਵਿਖਾਈ ਦੇ ਰਿਹਾ ਹੈ। ਸਰਕਾਰੀ ਸੂਤਰਾਂ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਮਸਲੇ ਦੇ ਹੱਲ ਲਈ ਕਬਾਇਲੀ ਭਾਈਚਾਰੇ ਦੇ ਇਕ ਵਿਅਕਤੀ ਸਮੇਤ ਦੋ ਉੱਘੀਆਂ ਹਸਤੀਆਂ ਦੀ ਇਕ ਟੀਮ ਬਣਾਈ ਸੀ, ਜਿਸ ਮਗਰੋਂ ਮਾਓਵਾਦੀਆਂ ਨੇ 210ਵੀਂ ਕਮਾਂਡੋ ਬਟਾਲੀਅਨ (ਕੋਬਰਾ) ਦੇ ਕਾਂਸਟੇਬਲ ਰਾਕੇਸ਼ਵਰ ਸਿੰਘ ਮਨਹਾਸ ਨੂੰ ਰਿਹਾਅ ਕਰ ਦਿੱਤਾ ਹੈ। ਇਸ ਟੀਮ 'ਚ ਸ਼ਾਮਲ ਸਮਾਜਿਕ ਕਾਰਕੁਨ ਦੀ ਪਛਾਣ ਧਰਮਪਾਲ ਸੈਣੀ ਵਜੋਂ ਦੱਸੀ ਗਈ ਹੈ। ਸੂਤਰਾਂ ਨੇ ਕਿਹਾ ਕਿ ਮਨਹਾਸ ਨੂੰ ਬੀਜਾਪੁਰ ਦੇ ਬਾਸਾਗੁੜਾ ਕੈਂਪ ਵਿੱਚ ਸੀਆਰਪੀਐੱਫ ਦੇ ਡੀਆਈਜੀ(ਬੀਜਾਪੁਰ) ਕੋਮਲ ਸਿੰਘ ਦੇ ਹਵਾਲੇ ਕੀਤਾ ਗਿਆ ਸੀ ਤੇ ਮਗਰੋਂ ਉਹਦਾ ਮੈਡੀਕਲ ਮੁਆਇਨਾ ਵੀ ਕੀਤਾ ਗਿਆ। ਨੀਮ ਫੌਜੀ ਬਲ ਦੇ ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਪਿੱਛੋਂ ਜੰਮੂ ਨਾਲ ਸਬੰਧਤ ਇਸ ਕਮਾਂਡੋ ਨੂੰ ਰਿਹਾਈ ਮਗਰੋਂ ਬੀਜਾਪੁਰ ਵਿੱਚ ਕੇਂਦਰੀ ਰਿਜ਼ਰਵ ਪੁਲੀਸ ਫੋਰਸ ਦੇ ਤਾਰੇਮ ਕੈਂਪ ਵਿੱਚ ਲਿਆਂਦਾ ਗਿਆ ਹੈ, ਜਿੱਥੇ ਉਸ ਤੋਂ ਇਸ ਪੂਰੇ ਘਟਨਾਕ੍ਰਮ ਬਾਰੇ ਜਾਣਕਾਰੀ ਲਈ ਜਾਵੇਗੀ।

## 13 ਕਿਲੋ ਹੈਰੋਇਨ ਨਾਲ ਕਾਬੂ ਕੀਤਾ ਗੁਰਪ੍ਰੀਤ ਮੰਡ ਅਦਾਲਤ 'ਚੋਂ ਬਰੀ

[ਸਫ਼ਾ 1 ਦੀ ਬਾਕੀ]

ਬਰਾਮਦ ਕੀਤਾ ਜਿਸ ਵਿਚ 13 ਬਰਿਕਸ ਰੱਖੀਆਂ ਹੋਈਆਂ ਸਨ ਜਿਸ ਦੀ ਬਾਅਦ ਵਿਚ ਉਚ ਦਰਜੇ ਦੀ ਹੈਰੋਇਨ ਵਜੋਂ ਪੁਸ਼ਟੀ ਹੋਈ ਜਿਸ ਦੀ ਕੀਮਤ 1 ਮਿਲੀਅਨ ਡਾਲਰ ਤੋਂ ਵੀ ਜ਼ਿਆਦਾ ਸੀ। ਮੰਡ ਨੇ ਕਿਹਾ ਕਿ ਉਸ ਨੂੰ ਕੋਈ ਪਤਾ ਨਹੀਂ ਕਿ ਸੂਟਕੇਸ ਕਿਸ ਨੇ ਰੱਖਿਆ ਅਤੇ ਉਸ ਨੂੰ ਇਸ ਗੱਲ ਦੀ ਵੀ ਜਾਣਕਾਰੀ ਨਹੀਂ ਕਿ ਉਸ ਵਿਚ ਨਸ਼ੀਲਾ ਪਦਾਰਥ ਹੈ। ਸੀਬੀ ਸੁਪਰੀਮ ਕੋਰਟ ਦੀ ਜਸਟਿਸ ਨੀਨਾ ਸ਼ਰਮਾ ਨੇ ਕਿਹਾ ਕਿ ਉਸ ਨੂੰ ਇਸ ਗੱਲ 'ਤੇ ਪੂਰਾ ਵਿਸ਼ਵਾਸ਼ ਨਹੀਂ ਕਿ ਮੰਡ ਨੂੰ ਹੈਰੋਇਨ ਬਾਰੇ ਜਾਣਕਾਰੀ ਨਹੀਂ ਸੀ ਪਰ ਉਸ ਨੂੰ ਉਸ ਦੀ ਜਾਣਕਾਰੀ ਬਾਰੇ ਵਾਜਬ ਸ਼ੱਕ ਹੈ। ਉਸ ਨੇ ਪਾਇਆ ਕਿ ਇਹ ਨਿਆਂਸੰਗਤ ਹੈ ਕਿ ਜਦੋਂ ਉਹ ਸਿੱਧੂ ਦੇ ਟਰੱਕ ਦੀ ਮੁਰੰਮਤ ਕਰ ਰਿਹਾ ਸੀ ਤਾਂ ਸਿੱਧੂ ਜਾਂ ਸਿੱਧੂ ਦੀ ਡਾਇਰੈਕਸ਼ਨ ਹੇਠ ਕੰਮ ਕਰਦੇ ਕਿਸੇ ਵਿਅਕਤੀ ਨੇ ਮੰਡ ਦੀ ਕਾਰ ਵਿਚ ਸੂਟਕੇਸ ਰੱਖ ਦਿੱਤਾ ਸੀ।

## ਕੋਵਿਡ-19 ਪਾਬੰਦੀਆਂ ਵਿਰੋਧੀ ਰੈਲੀ ਲਈ ਤਿੰਨ ਵਿਅਕਤੀਆਂ ਨੂੰ ਜ਼ੁਰਮਾਨਾ

[ਸਫ਼ਾ 1 ਦੀ ਬਾਕੀ]

ਸੁਨੇਹੇ ਵਿਚ 75 ਤੋਂ 89 ਮੁਜ਼ਾਹਰਾਕਾਰੀਆਂ ਨੇ ਆਵਾਜ਼ ਬੁਲੰਦ ਕੀਤੀ। ਘਟਨਾ ਦੀ ਵੀਡੀਓ ਜਿਹੜੀ ਫੇਸਬੁੱਕ 'ਤੇ ਪਾਈ ਗਈ ਵਿਚ ਕੁਝ ਮੁਜ਼ਾਹਰਾਕਾਰੀਆਂ ਨੇ ਮਹਾਂਮਾਰੀ ਦੀ ਮੌਜੂਦਗੀ ਤੋਂ ਇਨਕਾਰ ਕਰਨ ਵਾਲੇ ਅਤੇ ਹੈਲਥ ਸੰਕਟ ਨੂੰ ਘੁਟਾਲਾ ਦੱਸਣ ਦੇ ਸੁਨੇਹੇ ਵਾਲੇ ਸਾਈਨ ਚੁੱਕੇ ਹੋਏ ਸਨ। ਪੁਲਿਸ ਨੇ ਦੱਸਿਆ ਕਿ ਰੈਲੀ ਭਾਵੇਂ ਸ਼ਾਂਤਮਈ ਰਹੀ ਪਰ ਇਹ ਬੀਸੀ ਦੀਆਂ ਕੋਵਿਡ-19 ਰਿਲੇਟਿਡ ਮਈਜ਼ਰ ਐਕਟ ਦੀ ਉਲੰਘਣਾ ਸੀ. ਤਿੰਨ ਵਿਅਕਤੀਆਂ ਜਿਨ੍ਹਾਂ ਵਿਚ ਇਕ 58 ਸਾਲਾ ਔਰਤ ਵਿਨਲਾਅ, 42 ਸਾਲਾ ਤੇ 41 ਸਾਲਾ ਦੋ ਵਿਅਕਤੀਆਂ ਨੂੰ ਰੈਲੀ ਕਰਨ ਲਈ 2300-2300 ਡਾਲਰ ਦੀਆਂ ਟਿਕਟਾਂ ਜਾਰੀ ਕੀਤੀਆਂ ਗਈਆਂ। ਪੁਲਿਸ ਨੇ ਘਟਨਾ ਨੂੰ ਮਨਾਹੀ ਵਾਲੀ ਪ੍ਰੋਗਰਾਮ ਆਖਿਆ ਹੈ।

OASIS WINDOWS INC.
OASIS WINDOWS
* Quality Products * Superior Service.
Attractive, Energy Efficient And Quality Windows For Your Dream Home Or Housing Projects Or For Renovation
• VINYL WINDOWS • CUSTOM MADE TO YOUR SPECIFICATIONS
• GARDEN WINDOWS • PATIO DOORS & SKYLIGHTS • FREE ESTIMATES
Lifetime Limited Warranty



"We are not satisfied until you are"
Phone: (604) 597 - 5033 Fax: (604) 597 - 5029
Tollfree: 1-800-665-2350
19025-52nd Ave., Surrey, BC
Serving Alberta, British Columbia, Washington & California Since 1989
www.oasiswindows.com

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic




• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪ੍ਰੋਗਰਾਮ 'ਚ ਤਬਦੀਲੀਆਂ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀਂ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com


ACTIVE INSURANCE
Trusted Name In the Community
ਹਰ ਤਰ੍ਹਾਂ ਦੀ ਇੰਸ਼ੋਰੈਂਸ ਦੀ ਜ਼ਰੂਰਤ ਲਈ
• ਕਾਰ • ਟਰੱਕ
• ਘਰਾਂ ਦੀ ਇੰਸ਼ੋਰੈਂਸ
• ਬਿਜ਼ਨੈਸ • ਟਰੈਵਲ



YOUR NEIGHBOURHOOD AUTOPLAN
OPEN 7 DAYS A WEEK
KHALSA BUSINESS CENTRE
# 103 - 8334 - 128th St.,
604-501-7878
VANCOUVER OFFICE:
London Sq. 200-3340 Kingsway
604-437-7878
OPEN 6 DAYS A WEEK
Hours: Mon-Fri: 9:00am to 7:00pm
Saturday 10:00am to 5:00pm
SULLIVAN CENTER:
#108-14340-64th Ave., Surrey
604-593-8899





# ਵੈਨਕੂਵਰ ਵਿਚਾਰ ਮੰਚ ਵੱਲੋਂ ਵਿੱਛੜ ਚੁੱਕੇ ਸਾਹਿਤਕਾਰਾਂ, ਵਿਦਵਾਨਾਂ, ਕਲਾਕਾਰਾਂ ਅਤੇ ਪੱਤਰਕਾਰਾਂ ਨੂੰ ਸ਼ਰਧਾਂਜਲੀ


ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਦੀ ਮਾਸਿਕ ਵਰਚੂਅਲ ਮੀਟਿੰਗ ਵਿਚ ਪਿਛਲੇ ਦਿਨਾਂ ਦੌਰਾਨ ਸਦੀਵੀ ਵਿਛੋੜਾ ਦੇ ਗਏ ਪੰਜਾਬੀ ਸਾਹਿਤਕਾਰਾਂ, ਵਿਦਵਾਨਾਂ, ਕਲਾਕਾਰਾਂ ਅਤੇ ਪੱਤਰਕਾਰਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ। ਮੀਟਿੰਗ ਦਾ ਸੰਚਾਲਨ ਕਰਦਿਆਂ ਜਰਨੈਲ ਸਿੰਘ ਆਰਟਿਸਟ ਦੇ ਕਿਹਾ ਕਿ ਪਿਛਲੇ ਥੋੜ੍ਹੇ ਜਿਹੇ ਸਮੇਂ ਦੌਰਾਨ ਪੰਜਾਬੀ ਦੀਆਂ ਕਈ ਪ੍ਰਮੁੱਖ ਸ਼ਖ਼ਸੀਅਤਾਂ ਹਮੇਸ਼ਾਂ ਲਈ ਸਾਥੋਂ ਵਿਛੜ ਗਈਆਂ ਹਨ ਜਿਨ੍ਹਾਂ ਸਦਕਾ ਪੰਜਾਬੀ ਸਾਹਿਤ ਅਤੇ ਕਲਾ ਜਗਤ ਵਿਚ ਬੇਹੱਦ ਉਦਾਸੀ ਦਾ ਆਲਮ ਹੈ। ਉਨ੍ਹਾਂ ਦੱਸਿਆ ਕਿ ਸਦੀਵੀ ਤੌਰ ਤੇ ਅਲਵਿਦਾ ਕਹਿ ਗਏ ਪ੍ਰੋ. ਕੁਲਵੰਤ ਗਰੇਵਾਲ, ਪ੍ਰੋ. ਇੰਦਰਜੀਤ ਸਿੰਘ, ਡਾ. ਤਰਸੇਮ ਬਾਹੀਆ, ਪ੍ਰਸਿੱਧ ਗਾਇਕ ਸ਼ੌਕਤ ਅਲੀ, ਤਾਰਨ ਗੁਜਰਾਲ, ਇਬਲੀਸ (ਮਨਜੀਤ ਸੈਂਹਬੀ), ਸਾਗਰ ਸਰਹੱਦੀ, ਗਾਇਕ ਦਿਲਜਾਨ, ਇੰਦਰਜੀਤ ਸਿੱਧੂ (ਭੰਗੜਾ ਕਲਾਕਾਰ), ਅਵਤਾਰ ਗਿੱਲ ਆਲਮਗੀਰ, ਪ੍ਰੋ. ਪ੍ਰਿਤਪਾਲ ਸਿੰਘ, ਪੱਤਰਕਾਰ ਹਰਵਿੰਦਰ ਰਿਆੜ ਵੱਲੋਂ ਸਾਹਿਤ ਅਤੇ ਕਲਾ ਦੇ ਖੇਤਰ ਵਿਚ ਪਾਏ ਯੋਗਦਾਨ ਨੂੰ ਅਸੀਂ ਕਦੇ ਵੀ ਭੁਲਾ ਨਹੀਂ ਸਕਦੇ। ਪ੍ਰਸਿੱਧ ਪੰਜਾਬੀ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਵੀ ਇਨ੍ਹਾ ਸ਼ਖ਼ਸੀਅਤਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਉਨ੍ਹਾਂ ਵਿਸ਼ੇਸ਼ ਤੌਰ ਤੇ ਲਹਿੰਦੇ ਪੰਜਾਬ ਦੇ ਗਾਇਕ ਸ਼ੌਕਤ ਅਲੀ ਨਾਲ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮੋਹਨ ਗਿੱਲ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ ਅਤੇ ਪਰਮਜੀਤ ਸਿੰਘ ਸੇਖੋਂ ਨੇ ਵੀ ਇਨ੍ਹਾਂ ਵਿੱਛੜ ਚੁੱਕੇ ਕਲਮਕਾਰਾਂ, ਕਲਾਕਾਰਾਂ ਨੂੰ ਸਿਜਦਾ ਕੀਤਾ।

# ਐਬਟਸਫੋਰਡ ਵਿਚ ਇਕ ਵਾਰਦਾਤ ਦੌਰਾਨ ਨੌਜਵਾਨ ਦੀ ਮੌਤ

ਸਰੀ (ਹਰਦਮ ਮਾਨ)-ਬੀਤੀ ਰਾਤ ਸਰੀ ਦੇ ਲਾਗਲੇ ਸ਼ਹਿਰ ਐਬਟਸਫੋਰਡ ਵਿਚ ਹੋਈ ਇਕ ਵਾਰਦਾਤ ਵਿਚ ਇੱਕ ਆਦਮੀ ਦੀ ਮੌਤ ਹੋ ਗਈ। ਐਬਟਸਫੋਰਡ ਪੁਲਿਸ ਵੱਲੋਂ ਜਾਰੀ ਜਾਣਕਾਰੀ ਅਨੁਸਾਰ ਪੁਲਿਸ ਨੂੰ ਰਾਤ 10 ਵਜੇ ਕਰੀਬ ਰਿਵਰਸਾਈਡ ਰੋਡ ਅਤੇ ਕਿੰਗ ਰੋਡ ਤੇ ਵਾਪਰੀ ਇਸ ਘਟਨਾ ਸਬੰਧੀ ਸੂਚਨਾ ਮਿਲੀ। ਪੁਲਿਸ ਜਦ ਮੌਕੇ ਤੇ ਪਹੁੰਚੀ ਤਾਂ 35 ਸਾਲਾ ਨੌਜਵਾਨ ਇਕ ਟੈਂਟ ਵਿਚ ਗੰਭੀਰ ਰੂਪ ਵਿਚ ਜ਼ਖ਼ਮੀ ਹੋਇਆ ਪਿਆ ਸੀ। ਉਸ ਉਪਰ ਚਾਕੂ ਨਾਲ ਕਿਸੇ ਨੇ ਹਮਲਾ ਕੀਤਾ ਸੀ। ਉਸ ਨੂੰ ਤੁਰੰਤ ਹਸਪਤਾਲ ਪੁਚਾਇਆ ਗਿਆ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਝੱਲ ਸਕਿਆ ਅਤੇ ਦਮ ਤੋੜ ਗਿਆ। ਮ੍ਰਿਤਕ ਦੀ ਪਛਾਣ ਰੌਬਰਟ ਨੈਲਸਨ ਵਜੋਂ ਹੋਈ ਹੈ। ਆਈਹਿਟ ਵੱਲੋਂ ਇਸ ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਪੁਲਿਸ ਦੀ ਮੁੱਢਲੀ ਜਾਂਚ ਤੋਂ ਲਗਦਾ ਹੈ ਕਿ ਮ੍ਰਿਤਕ ਨੂੰ ਮਿਥ ਕੇ ਨਿਸ਼ਾਨਾ ਬਣਾਇਆ ਗਿਆ।




# ਸਰੀ ਸਿਟੀ ਕੌਂਸਲ ਵੱਲੋਂ ਬੱਚਿਆਂ ਨੂੰ ਗੈਂਗ ਗਤੀਵਿਧੀਆਂ ਤੋਂ ਦੂਰ ਰੱਖਣ ਲਈ ਵੈਂਬਸਾਈਟ ਲਾਂਚ




ਸਰੀ (ਹਰਦਮ ਮਾਨ)-ਸਰੀ ਸਿਟੀ ਕੌਂਸਲ ਦੇ ਕਮਿਊਨਿਟੀ ਸੇਫ਼ਟੀ ਸੈਕਸ਼ਨ ਵੱਲੋਂ ਬੱਚਿਆਂ ਅਤੇ ਨੌਜਵਾਨਾਂ ਨੂੰ ਗੈਂਗ ਸਬੰਧੀ ਗਤੀਵਿਧੀਆਂ ਤੋਂ ਦੂਰ ਰੱਖਣ ਇੱਕ ਨਵੀਂ ਵੈਬਸਾਈਟ ਲਾਂਚ ਕੀਤੀ ਗਈ ਹੈ। ਇਸ ਵੇਬਸਾਈਟ ਨੂੰ ਇੰਪਾਵਰ ਸਰੀ (Empower Surrey) ਦਾ ਨਾਮ ਦਿੱਤਾ ਗਿਆ ਹੈ। ਦੱਸਿਆ ਗਿਆ ਹੈ ਕਿ ਇਸ ਵੈੱਬਸਾਈਟ ਦੀ ਮਦਦ ਨਾਲ ਮਾਪਿਆਂ ਅਤੇ ਬੱਚਿਆਂ ਦੀ ਸੰਭਾਲ ਕਰਨ ਵਾਲਿਆਂ ਨੂੰ ਮਦਦ ਪ੍ਰਦਾਨ ਕੀਤੀ ਜਾਵੇਗੀ ਅਤੇ ਸਰੀ ਦੇ ਬੱਚਿਆਂ ਅਤੇ ਨੌਜਵਾਨਾਂ ਨੂੰ ਗੈਂਗ ਸਬੰਧੀ ਗਤੀਵਿਧੀਆਂ ਤੋਂ ਦੂਰੀ ਬਣਾਉਣ ਅਤੇ ਸਰੀ ਐਂਟੀ ਗੈਂਗ ਫੈਮਲੀ ਇੰਪਾਵਰਮੈਂਟ ਪ੍ਰੋਗਰਾਮ ਨੂੰ ਸਫਲ ਬਣਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ।

Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi, Hindi, Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ

- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:

- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call **Mandeep Randhawa** today.

604-449-7500

RANDHAWA MINHAS LLP

PERSONAL INJURY LAWYERS

T 604-449-7500 F 604-449-7501

msr@randhawalaw.ca www.randhawalaw.ca

205-7134 King George Boulevard, Surrey, BC V3W 5A3

We Can Help You Sell Your House!
**Satvir Cheema**
**604-240-9148**

CENTURY 21 Coastal Realty Ltd.
#105-7928 128th St.,
Surrey, BC, V3W 4E8
satvir.cheema@century21.ca

PUNJAB LINK
# ਪੰਜਾਬ ਲਿੰਕ
ਸਨਿਚਰਵਾਰ, 10 ਅਪ੍ਰੈਲ,
ਰਿਅਲ ਅਸਟੇਟ | REAL ESTATE
www.punjablinkpaper.com 604-503-5465

For All Your Real Estate Needs
**Amrik Cheema**
*PREC
**604-369-7000**

CENTURY 21 Coastal Realty Ltd.
#105-7928 128th St.,
Surrey, BC, V3W 4E8
info@amrikcheema.com

# ਮੈਟਰੋ ਵੈਨਕੂਵਰ ਵਿਚ ਮਕਾਨਾਂ ਦੀ ਵਿਕਰੀ ਨੇ ਤੋੜੇ ਰਿਕਾਰਡ

## ਪਰ ਕੀਮਤਾਂ ਵਿਚ ਅਣਕਿਆਸੇ ਵਾਧੇ ਕਾਰਣ ਨਿਰਾਸ਼ਾ ਦਾ ਆਲਮ

ਵੈਨਕੂਵਰ-ਮਾਰਚ ਵਿਚ ਲੋਅਰ ਮੇਨਲੈਂਡ ਵਿਚ ਮਕਾਨਾਂ ਦੀ ਵਿਕਰੀ ਨੇ ਰਿਕਾਰਡ ਤੋੜ ਦਿੱਤੇ ਹਨ ਪਰ ਕੁਝ ਰਿਐਲਟਰਾਂ ਨੇ ਕਿਹਾ ਕਿ ਉਨ੍ਹਾਂ ਨੂੰ ਖਰੀਦਦਾਰਾਂ ਵਿਚ ਥਕੇਵਾਂ ਦੇਖਣਾ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਬੋਲੀ ਦੀ ਜੰਗ ਨੇ ਕੀਮਤਾਂ ਨੂੰ ਆਸਕਿੰਗ ਕੀਮਤ ( ਵੇਚਣ ਵਾਲੇ ਵਲੋਂ ਮੰਗੀ ਗਈ ਕੀਮਤ ) ਤੋਂ ਕਿਤੇ ਜ਼ਿਆਦਾ ਵਧਾ ਦਿੱਤਾ ਹੈ। ਗਰੇਟਰ ਵੈਨਕੂਵਰ ਵਿਚ ਘਰਾਂ ਦੀ ਵਿਕਰੀ ਘੱਟ ਹੋਣ ਦਾ ਕੋਈ ਸੰਕੇਤ ਨਹੀਂ ਮਿਲਿਆ ਅਤੇ ਮਾਰਚ ਮਹੀਨੇ ਉਥੇ 5708 ਘਰਾਂ ਦੀ ਵਿਕਰੀ ਹੋਈ ਜਿਹੜੀ ਫਰਵਰੀ ਨਾਲੋਂ 53 ਫ਼ੀਸਦੀ ਅਤੇ ਮਾਰਚ 2020 ਨਾਲੋਂ 126 ਫ਼ੀਸਦੀ ਜ਼ਿਆਦਾ ਹੈ। ਇਹ ਰਿਕਾਰਡ ਉੱਚੀ ਵਿਕਰੀ ਹੈ ਅਤੇ ਮਾਰਚ ਦੀ 10 ਸਾਲ ਦੀ ਔਸਤ ਤੋਂ 72 ਫ਼ੀਸਦੀ ਜ਼ਿਆਦਾ ਹੈ। ਫਰੇਜ਼ਰ ਵੈਲੀ ਵਿਚ ਵੀ ਮਾਰਚ ਮਹੀਨੇ 3329 ਮਕਾਨਾਂ ਦੀ ਰਿਕਾਰਡ ਵਿਕਰੀ ਹੋਈ ਹੈ। ਰੀਅਲ ਅਸਟੇਟ ਏਜੰਟ ਪੌਲ ਟੋਫੋਲੀ ਨੇ ਕਿਹਾ ਕਿ ਅਜੇ ਵੀ ਬੇਮਿਸਾਲ ਮੰਗ ਹੈ। ਉਨ੍ਹਾਂ ਕਿਹਾ ਕਿ ਵਿਕਰੇਤਾ ਆਸ ਕਰ ਰਹੇ ਹਨ ਕਿ ਉਹ ਆਪਣੇ ਘਰਾਂ ਦੀਆਂ ਰਿਕਾਰਡ ਕੀਮਤਾਂ ਪ੍ਰਾਪਤ ਕਰਨ ਜਾ ਰਹੇ ਹਨ ਅਤੇ ਬਹੁਤੇ ਹਿੱਸੇ ਵਿਚ ਅਜਿਹਾ ਹੋ ਵੀ ਰਿਹਾ ਹੈ। ਐਂਗਸ ਰੀਡ ਇੰਸਟੀਚਿਊਟ ਨੇ ਬੁੱਧਵਾਰ ਜਾਰੀ ਕੀਤੇ ਸਰਵੇਖਣ ਵਿਚ ਹਾਊਸਿੰਗ ਪੇਨ ਇੰਡੈਕਸ ਵੀ ਸ਼ਾਮਿਲ ਕੀਤਾ ਹੈ ਜਿਹੜਾ ਇਹ ਦੱਸਦਾ ਹੈ ਕਿ ਉਬਾਲੇ ਮਾਰ ਰਹੇ ਮਕਾਨ ਬਾਜ਼ਾਰ ਤੋਂ ਉਹ ਲੋਕ ਕਿਵੇਂ ਪ੍ਰਭਾਵਤ ਹੋ ਰਹੇ ਹਨ ਜਿਹੜੇ ਘਰ ਖਰੀਦਣਾ ਚਾਹੁੰਦੇ ਹਨ। ਉਸ ਸਰਵੇਖਣ ਮੁਤਾਬਿਕ ਵੈਨਕੂਵਰ ਵਿਚ 26 ਫ਼ੀਸਦੀ ਮਕਾਨ ਖਰੀਦਣਾ ਚਾਹੁੰਣ ਵਾਲੇ ਲਾਚਾਰਾਂ ਵਾਲੀ ਸ਼੍ਰੇਣੀ ਵਿਚ ਆ ਗਏ ਹਨ ਜਿਹੜੇ ਮਕਾਨ ਤਾਂ ਖਰੀਦਣਾ ਚਾਹੁੰਦੇ ਹਨ ਪਰ ਮਕਾਨ ਖਰੀਦਣਾ ਉਨ੍ਹਾਂ ਦੇ ਵੱਸ ਦੀ ਗੱਲ ਨਹੀਂ ਰਹੀ। ਪਰ ਇਹ ਗਿਣਤੀ ਕੈਲਗਰੀ ਵਿਚ 31 ਫ਼ੀਸਦੀ, ਐਡਮਿੰਟਨ ਵਿਚ 28 ਤੇ ਹੈਲੀਫੈਕਸ ਵਿਚ 31 ਫ਼ੀਸਦੀ ਹੈ। ਉਂਜ ਮਕਾਨਾਂ ਦੀ ਸਥਿਤੀ ਸਮੁੱਚੇ ਦੇਸ਼ ਵਿਚ ਇਸੇ ਤਰ੍ਹਾਂ ਦੀ ਬਣੀ ਹੋਈ ਹੈ। ਵੈਨਕੂਵਰ ਦੇ ਰੀਅਲ ਅਸਟੇਟ ਏਜੰਟਾਂ ਦਾ ਕਹਿਣਾ ਕਿ ਹਮਲਾਵਰ ਬੋਲੀ ਤੇ ਬਹੁਤ ਸਾਰੀਆਂ ਪੇਸ਼ਕਸ਼ਾਂ ਨਾਲ ਉੱਚ ਵਿਕਰੀ ਕੀਮਤਾਂ ਕਾਰਨ ਆਖਰਕਾਰ ਉਨ੍ਹਾਂ ਖਰੀਦਦਾਰਾਂ ਦਾ ਜੋਸ਼ ਮੱਠਾ ਪੈ ਗਿਆ ਹੈ ਜਿਹੜੇ ਮੁਕਾਬਲਾ ਨਹੀਂ ਕਰ ਸਕਦੇ। ਵੈਨਕੂਵਰ ਦੇ ਰੀਅਲ ਅਸਟੇਟ ਏਜੰਟ ਅਲੈਕਸ ਯਾਓ ਨੇ ਕਿਹਾ ਕਿ ਉਸ ਨੇ ਸਾਲ ਦੀ ਪਹਿਲੀ ਤਿਮਾਹੀ ਦੇ ਮੁਕਾਬਲੇ ਹੁਣ ਖਰੀਦਦਾਰ ਥਕਾਵਟ ਦੇ ਕੁਝ ਸੰਕੇਤ ਦੇਖਣੇ ਸ਼ੁਰੂ ਕਰ ਦਿੱਤੇ ਹਨ ਜਦੋਂ ਪ੍ਰਾਪਰਟੀਆਂ ਐਨੀ ਕੀਮਤ 'ਤੇ ਵਿਕ ਰਹੀਆਂ ਹਨ ਜਿਨ੍ਹਾਂ ਦਾ ਅਸੀਂ ਹਿਸਾਬ ਕਿਤਾਬ ਨਹੀਂ ਲਾ ਸਕਦੇ ਅਤੇ ਕੁਝ ਘਰ ਤਾਂ ਉਨ੍ਹਾਂ ਦੀ ਆਸਕਿੰਗ ਕੀਮਤ ਤੋਂ ਸੈਂਕੜੇ ਹਜ਼ਾਰਾਂ ਡਾਲਰ ਮਹਿੰਗੇ ਵਿਕੇ ਹਨ।




**Offering Services For All Your Business and Real Estate Needs**

- Buying / Selling Businesses
- Conveyancing
- Restorations of Dissolved Companies
- Business Contracts
- Builder's Liens
- Commercial Lease Agreements
- Wills & Powers of Attorney
- Representation Agreements
- Property Sub-Divisions
- Contract Disputes

HUGHES & COMPANY
LAW CORPORATION

www.hughesco.com
CEDRIC HUGHES
**604.602.1828**
*HEAD OFFICE:*
**VANCOUVER**
**505-777 W. BROADWAY**

SUNNY SANGHA • PERSONAL REAL ESTATE CORPORATION

**14332 31A AVENUE**




Welcome to Elgin Park Estates, Elgin's newly built sub-division! This beautiful home is situated on a 14000 sqft lot with 6800 sqft of living space. The home features 6 bedrooms 7.5 bathrooms, Wet bar, media room, gym, sauna, a games room, butlers pantry with A/C, 3 fireplaces and radiant heating, control 4, south-facing back yard. Quality builds with exquisite finishes located in one of the best sub-divisions in Elgin Chantrell. Designed to perfection, the home offers a magnificent fully equipped kitchen with high-end appliances, a custom staircase, a large wok kitchen, a master bedroom on the main floor. Call now to book your private showing.

**1426 KENT**




Welcome to White Rock! The current home is rented for $2450 on a month-to-month basis. The building plans for a 6300 sqft plus garage home are in the city ready for permits in a month. The Seller has spent over $60,000 to have the plans ready and the property ready for permits. Buy now and start building.

**9853 HUCKLEBERRY DRIVE**




Welcome to Fraser Height's newest sub-division. This 4000 sqft lot is ready to build, the plans should be ready to pick up from the city in two weeks. The home will include 7 bedrooms 6 bathrooms with a media room and bar area for your own use downstairs. The total square footage for the home will be 3722 plus a garage. Call now to get more info.


Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555


www.sunnysangha.com | info@sunnysangha.com

# RIGHT LINK LOGISTICS LTD.

**WE ARE NOW HIRING DRIVERS AND OWNER OPERATORS FOR OUR DRY VAN LANES INTO USA.**




## COMPANY DRIVERS AND OWNER OPERATORS

## TEAM OR SOLO

**U.S.A Routes: BC to CA, AZ, TX**
**BC to WA / WA to BC or AB**
**Canada Routes: BC / AB Canada Wide**
**Paid Picks and Drops**
**Extended Medical Benefits and Travel Insurance**
**Yard to Yard Work**
**Brand New Trucks & Trailers**

Right-Link
Logistics Ltd

**Call: +1-604-857-4777 / 778-344-1964**
**Email: team@rightlink.ca**

ਤਜਰਬਾ - ਇਮਾਨਦਾਰੀ - ਨਤੀਜੇ

# HUGHES & COMPANY

## LAW CORPORATION

HUGHES
& COMPANY
LAW CORPORATION
www.hughesco.com

**EXPERIENCE • INTEGRITY • RESULTS**

- CONVEYANCING
- REAL ESTATE
- WILL & ESTATES
- PERSONAL INJURY
- CORPORATE
- GENERAL LITIGATION



**CEDRIC HUGHES**
LAWYER
Over 20 years serving the community




★★★★★
**4.9 STAR**
**Google**
**REVIEW !**

**Link!**
**hughesco.com**
*for reviews*

# 604.602.1828

MAIN OFFICE: 505-777 W. BROADWAY, VANCOUVER
SURREY OFFICE: 7164, 120 ST, SURREY ***(BY APPOINTMENT PLEASE)***
Email: cedric_hughes@hughesco.com

***AND*** *Service provided at Business Centres throughout the Fraser Valley and British Columbia.*
***Remote Location? No Problem. We will come to you !***

ਸਭ ਨੂੰ ਵਿਸਾਖੀ ਦੀ ਲੱਖ-ਲੱਖ ਵਧਾਈ

# COUNTRY LUMBER LTD.




*"Where service comes first..."*

**Building A Home?**
**Landscaping? Renovating?**

**"Large Fleet of Delivery Trucks with Cranes"**

**Dilbag (Dave)**
**604-725-5730**

**Shami Dhahan**
**604-835-9010**

**Ph: 604-533-4447 | Fax: 604-533-0451**
*22538 Fraser Hwy., Langley, BC*

# ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਵੱਲੋਂ ਰਾਮਗੜ੍ਹੀਆ ਬੁੰਗਿਆਂ ਦਾ ਨਵੀਨੀਕਰਨ ਕਾਰਜ ਸ਼ੁਰੂ ਕਰਨ ਦੀ ਸ਼ਲਾਘਾ



ਸਰੀ (ਹਰਦਮ ਮਾਨ)-ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ ਦੇ ਮੁੱਖ ਸੇਵਾਦਾਰ ਸ. ਸੁਰਿੰਦਰ ਸਿੰਘ ਜੱਬਲ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਵਿਚ ਸਥਿਤ ਇਤਿਹਾਸਕ ਰਾਮਗੜ੍ਹੀਆ ਬੁੰਗਿਆਂ ਦੇ ਨਵੀਨੀਕਰਨ ਦੀ ਕਾਰ ਸੇਵਾ ਸ਼ੁਰੂ ਕੀਤੇ ਜਾਣ ਦੀ ਸ਼ਲਾਘਾ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਜਗੀਰ ਕੌਰ ਦਾ ਧੰਨਵਾਦ ਕੀਤਾ ਹੈ। ਇਸ ਸਬੰਧ ਵਿਚ ਬੀਬੀ ਜਗੀਰ ਕੌਰ ਨੂੰ ਭੇਜੇ ਇਕ ਲਿਖਤੀ ਪੱਤਰ ਵਿਚ ਸ. ਸੁਰਿੰਦਰ ਸਿੰਘ ਜੱਬਲ ਨੇ ਕਿਹਾ ਹੈ ਕਿ ਇਤਿਹਾਸਕ ਰਾਮਗੜ੍ਹੀਆ ਬੁੰਗਿਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਅੰਦਰੋਂ ਰਸਤਾ ਪ੍ਰਦਾਨ ਕਰਨ ਦਾ ਜੋ ਇਤਿਹਾਸਕ ਫੈਸਲਾ ਕੀਤਾ ਹੈ ਉਸ ਕਾਰਜ ਲਈ ਕੈਨੇਡੀਅਨ ਰਾਮਗੜ੍ਹੀਆ ਸੋਸਾਇਟੀ (ਉੱਤਰੀ ਅਮਰੀਕਾ ਵਿਚ ਰਾਮਗੜ੍ਹੀਆ ਭਾਈਚਾਰੇ ਦੀ ਸਭ ਤੋਂ ਵੱਡੀ ਸੰਸਥਾ) ਬੀਬੀ ਜਗੀਰ ਕੌਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਦੀ ਬੇਹੱਦ ਧੰਨਵਾਦੀ ਹੈ ਅਤੇ ਇਸ ਇਤਿਹਾਸਕ ਫੈਸਲੇ ਲਈ ਸਮੁੱਚਾ ਸਿੱਖ ਭਾਈਚਾਰਾ ਵਧਾਈ ਦਾ ਹੱਕਦਾਰ ਹੈ। ਸ. ਜੱਬਲ ਨੇ ਕਿਹਾ ਕਿ ਇਹ ਇਤਿਹਾਸਕ ਬੁੰਗੇ ਕੇਵਲ ਰਾਮਗੜ੍ਹੀਆ ਭਾਈਚਾਰੇ ਦੇ ਹੀ ਨਹੀਂ ਸਗੋਂ ਸਮੁੱਚੀ ਸਿੱਖ ਕੌਮ ਦੀ ਵਿਰਾਸਤ ਹਨ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਪੁਰਾਤਤਵ ਮਾਹਿਰਾਂ ਦੀ ਨਿਗਰਾਨੀ ਹੇਠ ਇਨ੍ਹਾਂ ਦਾ ਨਵੀਨੀਕਰਨ ਕਰਵਾ ਕੇ ਇੱਥੇ 12 ਸਿੱਖ ਮਿਸਲਾਂ ਦਾ ਇਤਿਹਾਸ ਮਲਟੀਮੀਡੀਆ ਰਾਹੀਂ ਦਰਸਾਉਣ ਦਾ ਫੈਸਲਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ। ਸ. ਸੁਰਿੰਦਰ ਸਿੰਘ ਜੱਬਲ ਨੇ ਇਕ ਵੱਖਰੇ ਪੱਤਰ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿਗ ਕਮੇਟੀ ਮੈਂਬਰ ਭਾਈ ਰਾਮ ਸਿੰਘ ਵੱਲੋਂ ਇਸ ਇਤਿਹਾਸਕ ਫੈਸਲੇ ਦੀ ਪਿੱਠਭੂਮੀ ਵਿਚ ਆਪਣੀ ਸਿਆਣਪ ਅਤੇ ਦੂਰਅੰਦੇਸ਼ੀ ਸਦਕਾ ਅਮਲੀ ਜਾਮਾ ਪਹਿਨਾਉਣ ਲਈ ਨਿਭਾਈਆਂ ਸੇਵਾਵਾਂ ਲਈ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਹਰਿਦਰਸ਼ਨ ਮੈਮੋਰੀਅਲ ਇੰਟਰਨੈਸ਼ਨਲ ਟਰੱਸਟ ਕੈਨੇਡਾ ਦੇ ਬਾਨੀ ਸ. ਜੈਤੇਗ ਸਿੰਘ ਅਨੰਤ ਨੇ ਵੀ ਸਿੱਖ ਕੌਮ ਦੀ ਬੇਨਿਆਜ਼ ਹਸਤੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਬੁੰਗਾ ਦੇ ਨਵੀਨੀਕਰਨ ਨੂੰ ਇਕ ਇਤਿਹਾਸਕ ਫ਼ੈਸਲਾ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਇਹ ਬੁੰਗੇ ਸਿੱਖ ਕੌਮ ਦਾ ਵਿਰਸਾ ਤੇ ਵਿਰਾਸਤ ਹਨ। ਉਨ੍ਹਾਂ ਸਮੁੱਚੀ ਸਿੱਖ ਕੌਮ ਨੂੰ ਇਸ ਕਾਰਜ ਲਈ ਮੁਬਾਰਕਬਾਦ ਦਿੱਤੀ ਹੈ।



## ਸਰੀ 'ਚ ਇਕ ਘਰ ਵਿਚ ਅੱਗ ਲੱਗੀ-ਇਕ ਜਣੇ ਦੀ ਮੌਤ

ਸਰੀ (ਹਰਦਮ ਮਾਨ)-ਸਰੀ ਵਿੱਚ ਇਕ ਘਰ ਵਿਚ ਅੱਗ ਲੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ ਹੈ। ਫਾਇਰ ਬ੍ਰਿਗੇਡ ਟੀਮ ਨੂੰ ਸਵੇਰੇ ਕਰੀਬ 6 ਵਜੇ 117ਬੀ ਸਟ੍ਰੀਟ ਅਤੇ 96 ਐਵੀਨਿਊ ਦੇ ਇਲਾਕੇ ਵਿਚ ਇਕ ਘਰ ਵਿਚ ਅੱਗ ਲੱਗਣ ਦੀ ਜਾਣਕਾਰੀ ਮਿਲੀ। ਫਾਇਰ ਬ੍ਰਿਗੇਡ ਟੀਮ ਦੇ ਕਾਮਿਆਂ ਨੇ ਮੌਕੇ ਤੇ ਪਹੁੰਚ ਕੇ ਇੱਕ ਵਿਅਕਤੀ ਨੂੰ ਘਰ ਦੀ ਬੇਸਮੈਂਟ ਤੋਂ ਬਾਹਰ ਕੱਢਿਆ ਗਿਆ ਸੀ ਪਰ ਉਸ ਵੇਲੇ ਤੱਕ ਉਹ ਦਮ ਤੋੜ ਚੁੱਕਿਆ ਸੀ। ਘਰ ਦੀ ਦੂਜੀ ਮੰਜ਼ਿਲ 'ਤੇ ਮੌਜੂਦ 4 ਜਣੇ ਸੁਰੱਖਿਅਤ ਬਾਹਰ ਆ ਗਏ ਸਨ। ਅੱਗ ਲੱਗਣ ਦੇ ਕਾਰਨ ਬਾਰੇ ਪੁਲਿਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ।



## ਕੋਰੋਨਾ ਵੈਕਸੀਨ ਉਮਰਾਂ ਨਹੀਂ ਹਾਲਾਤ ਮੁਤਾਬਕ ਮਿਲ ਰਹੀ !


ਕੈਲਗਰੀ (ਕਮਲਜੀਤ ਬੁੱਟਰ)-ਐਲਬਰਟਾ ਦੀਆਂ ਫਾਰਮੇਸੀਆਂ ਵੱਲੋਂ ਵੈਕਸਿਨ ਦੀ ਵੇਸਟੇਜ ਨੂੰ ਰੋਕਣ ਵਾਸਤੇ ਉਹਨਾਂ ਲੋਕਾਂ ਨੂੰ ਵੀ ਵੈਕਸਿਨ ਦਿੱਤੀ ਜਾ ਰਹੀ ਹੈ ਜਿਹਨਾਂ ਦੀ ਅਜੇ ਵਾਰੀ ਨਹੀਂ ਆਈ ਹੈ। ਇਹਨਾਂ ਫਾਰਮੇਸੀਆਂ ਦਾ ਕਹਿਣਾ ਹੈ ਕਿ ਦਵਾਈ ਨੂੰ ਲੰਬੀ ਦੇਰ ਤੱਕ ਖੁੱਲ੍ਹੀ ਨਹੀਂ ਰੱਖਿਆ ਜਾ ਸਕਦਾ ਤੇ ਇਸ ਨੂੰ ਖ਼ਰਾਬ ਹੋਣ ਦੇਣ ਜਾਂ ਨਸ਼ਟ ਕਰ ਦੇਣ ਦੀ ਥਾਂ ਨਿਰਧਾਰਿਤ ਸਮੇਂ ਤੋਂ ਪਹਿਲਾਂ ਹੀ ਕੁਝ ਲੋਕਾਂ ਨੂੰ ਇਹ ਦਵਾਈ ਦਿੱਤੀ ਜਾ ਰਹੀ ਹੈ। ਵੇਟ ਲਿਸਟ ਬਣ ਰਹੀ ਹੈ ਤੇ ਸਾਰੀਆਂ ਪਾਰਟਿਸਿਪੇਟਿੰਗ ਫਾਰਮੇਸੀਆਂ ਕੋਲ ਇਹ ਲਿਸਟ ਮੌਜੂਦ ਹੈ। ਵੈਕਸਿਨੇਸ਼ਨ ਦੇ ਫੇਜ਼ 2-ਬੀ ਤਹਿਤ 10 ਲੱਖ ਸੂਬਾ ਵਾਸੀਆਂ ਨੂੰ ਇਹ ਦਵਾਈ ਲੱਗਣੀ ਹੈ। ਮੌਜੂਦਾ ਤੌਰ 'ਤੇ 1963 ਜਾਂ ਇਸ ਤੋਂ ਪਹਿਲਾਂ ਪੈਦਾ ਹੋਏ ਸੂਬਾ ਵਾਸੀਆਂ ਨੂੰ ਇਹ ਦਵਾਈ ਦਿੱਤੀ ਜਾ ਰਹੀ ਹੈ ਅਤੇ ਗੰਭੀਰ ਬਿਮਾਰੀਆਂ ਨਾਲ ਪੀੜਤ ਲੋਕਾਂ ਵੀ ਇਹ ਦਵਾਈ ਦਿੱਤੀ ਜਾ ਰਹੀ ਹੈ। ਸਰਕਾਰ ਦੇ ਨਿਰਦੇਸ਼ ਹਨ ਕਿ ਦਵਾਈ ਫਿਜ਼ੂਲ ਨਾ ਗਵਾਈ ਜਾਵੇ ਜਿਸ ਕਰਕੇ ਇਹ ਦਵਾਈ ਬਿਨਾ ਵਾਰੀ ਤੋਂ ਵੀ ਲੋਕਾਂ ਨੂੰ ਮਿਲਣ ਲੱਗੀ ਹੈ।

## ਟੀਕਾਕਰਨ ਤੇ ਕੋਵਿਡ ਲਾਗ ਕਾਰਨ ਅਗਲੇ ਹਫ਼ਤੇ ਹਰਡ ਇਮਊਨਿਟੀ ਹਾਸਲ ਕਰ ਲਵੇਗਾ ਬਰਤਾਨੀਆ

ਲੰਡਨ-ਬਰਤਾਨੀਆ ਵਿਚ ਅਗਲੇ ਸੋਮਵਾਰ ਉਨ੍ਹਾਂ ਲੋਕਾਂ ਦੀ ਗਿਣਤੀ 73.4 ਫ਼ੀਸਦੀ ਹੋ ਜਾਵੇਗੀ ਜਿਨ੍ਹਾਂ ਨੇ ਟੀਕਕਾਰਣ ਜਾਂ ਪਿਛਲੇ ਸਮੇਂ ਵਿਚ ਹੋਈ ਲਾਗ ਦੀ ਬਿਮਾਰੀ ਕਾਰਨ ਵਾਇਰਸ ਖਿਲਾਫ ਸੁਰੱਖਿਆ ਹਾਸਲ ਕਰ ਲਈ ਹੈ। ਯੂਨੀਵਰਸਿਟੀ ਕਾਲਜ ਲੰਡਨ (ਯੂਸੀਐਲ) ਦੇ ਗਤੀਸ਼ੀਲ ਮਾਡਲਿੰਗ ਮੁਤਾਬਿਕ ਬਰਤਾਨੀਆ 12 ਅਪ੍ਰੈਲ ਤਕ ਹਰਡ ਇਮਊਨਿਟੀ ਦਾ ਘੱਟੋ ਘੱਟ ਪੱਧਰ (ਥਰੈਸ਼ਹੋਲਡ) ਪਾਰ ਕਰ ਲਵੇਗਾ ਜਿਸ ਨਾਲ ਸਰਕਾਰ 'ਤੇ ਪਾਬੰਦੀਆਂ ਨੂੰ ਨਰਮ ਕਰਨ ਲਈ ਅੱਗੇ ਵਧਣ ਵਾਸਤੇ ਹੋਰ ਦਬਾਅ ਬਣੇਗਾ। ਇਸ ਹਫ਼ਤੇ ਪ੍ਰਕਾਸ਼ਤ ਹੋਏ ਯੂਸੀਐਲ ਦੇ ਨਤੀਜਿਆਂ ਮੁਤਾਬਿਕ ਜਿਨ੍ਹਾਂ ਵਿਅਕਤੀਆਂ ਨੇ ਟੀਕਾਕਰਣ ਜਾਂ ਪਹਿਲਾਂ ਹੋਈ ਲਾਗ ਕਾਰਨ ਵਾਇਰਸ ਖਿਲਾਫ ਸੁਰੱਖਿਆ ਪ੍ਰਾਪਤ ਕਰ ਲਈ ਹੈ ਉਨ੍ਹਾਂ ਦੀ ਗਿਣਤੀ ਅਗਲੇ ਹਫ਼ਤੇ 73.4 ਫ਼ੀਸਦੀ ਹੋ ਜਾਵੇਗੀ ਜੋ ਦੇਸ਼ ਦੇ ਹਰਡ ਇਮਊਨਿਟੀ ਵਿਚ ਜਾਣ ਲਈ ਕਾਫੀ ਹੈ। ਇਹ ਗਿਣਤੀ ਇਸ ਹਫ਼ਤੇ ਇੰਪੀਰੀਅਲ ਕਾਲਜ ਵਲੋਂ ਜਾਰੀ ਮਾਡਲਿੰਗ ਦੇ ਪੂਰੀ ਤਰ੍ਹਾਂ ਉਲਟ ਹੈ ਜਿਸ ਵਿਚ ਕਿਹਾ ਗਿਆ ਸੀ ਕਿ ਮਾਰਚ ਦੇ ਅਖੀਰ ਤਕ ਸਿਰਫ 34 ਫ਼ੀਸਦੀ ਲੋਕਾਂ ਨੇ ਸੁਰੱਖਿਆ ਹਾਸਲ ਕੀਤੀ ਹੈ।

## 125 ਵਿਆਹਾਂ ਲਈ ਹਾਇਰ ਕੀਤੀ ਪੇਸ਼ਾਵਰ ਬਰਾਈਡਸਮੇਡ ਜੇਨ ਗਲੈਂਟਜ਼ ਖੁਦ ਬਣੀ ਲਾੜੀ

ਨਿਊਯਾਰਕ-ਨਿਊਯਾਰਕ ਸ਼ਹਿਰ ਦੀ ਔਰਤ ਜਿਸ ਦਾ ਕੈਰੀਅਰ ਇਕ ਪੇਸ਼ਾਵਰ ਬਰਾਈਡਸਮੇਡ (ਲਾੜੀਆਂ ਦੀ ਵਿਆਹ ਵਿਚ ਸਹਾਇਤਾ ਕਰਨ ਵਾਲੀ) ਹੈ ਨੇ 2014 ਤੋਂ 125 ਵਿਆਹ ਪਾਰਟੀਆਂ ਵਿਚ ਸੇਵਾਵਾਂ ਦੇਣ ਪਿੱਛੋਂ ਖੁਦ ਵੀ ਵਿਆਹ ਬੰਧਨ ਵਿਚ ਬੱਝ ਗਈ। ਮਹਾਂਮਾਰੀ ਕਾਰਨ ਦੋ ਵਾਰ ਉਸ ਦਾ ਵਿਆਹ ਰੱਦ ਵੀ ਹੋਇਆ ਅਤੇ ਉਸ ਨੂੰ ਇਕ ਸਾਈਚਿਕ (ਜੋਤਸ਼ੀ) ਨੇ ਉਦਾਸ ਕਰਨ ਵਾਲੀ ਚਿਤਾਵਨੀ ਵੀ ਦਿੱਤੀ ਸੀ ਜਿਸ ਨੇ ਉਸ ਨੂੰ ਦੱਸਿਆ ਸੀ ਕਿ ਉਹ ਕਦੇ ਵੀ ਪਿਆਰ ਨਹੀਂ ਲੱਭ ਸਕੇਗੀ ਪਰ ਸਾਰੀਆਂ ਰੁਕਾਵਟਾਂ ਪਾਰ ਕਰਦੀ ਹੋਈ 33 ਸਾਲਾ ਜੇਨ ਗਲੈਂਟਜ 33 ਸਾਲ ਦੇ ਹੀ ਐਡਮ ਕੋਸਫ ਹੋ ਨਿੱਬੜੀ। ਦੋਵਾਂ ਨੇ 19 ਮਾਰਚ ਨੂੰ ਮਨਹਟਨ ਵਿਚ ਇਕ ਕੌਫੀ ਹਾਊਸ ਵਿਖੇ ਵਿਆਹ ਕਰਵਾਇਆ ਜਿਥੇ ਉਨ੍ਹਾਂ ਨੇ ਆਪਣੀ ਪਹਿਲੀ ਡੇਟਿੰਗ ਕੀਤੀ ਸੀ।

# ਮਰਦਮਸ਼ੁਮਾਰੀ ਵਿਚ ਮਾਂ ਬੋਲੀ ਪੰਜਾਬੀ ਲਿਖੀ ਜਾਵੇ-ਪਲੀਅ ਵੱਲੋਂ ਪੰਜਾਬੀਆਂ ਨੂੰ ਅਪੀਲ

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ

- ☑ ਪਹਿਲੀ ਵਾਰ ਘਰ ਖਰੀਦਣ ਵਾਲੇ
- ☑ ਰੈਜੀਡੈਂਸ਼ੀਅਲ ਮੌਰਟਗੇਜ
- ☑ ਕੰਸਟਰਕਸ਼ਨ ਮੌਰਟਗੇਜ
- ☑ ਪ੍ਰਾਈਵੇਟ ਮੌਰਟਗੇਜ
- ☑ ਸੈਕੰਡ ਅਤੇ ਥਰਡ ਮੌਰਟਗੇਜ

- Residential Mortgages
- Construction Mortgage
- Commercial Mortgages
- Farm Financing
- Private Mortgages
- 2nd & 3rd Mortgage

(*Conditionsapply)

Professional & Experienced
MORTGAGE CONSULTANTS
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com


HARDEV SINGH GREWAL
Mortgage Consultant
Cell: 604-500-3920


KULDIP S PANESAR
Senior Mortgage Advisor
Cell: 604-308-6839

ਸਰੀ (ਹਰਦਮ ਮਾਨ)-ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਅਗਲੇ ਮਹੀਨੇ ਕੈਨੇਡਾ ਵਿਚ ਹੋ ਰਹੀ ਮਰਦਮਸ਼ੁਮਾਰੀ ਲਈ ਸਮੂਹ ਪੰਜਾਬੀਆਂ ਨੂੰ ਸੁਚੇਤ ਕਰਦਿਆਂ ਅਪੀਲ ਕੀਤੀ ਹੈ ਕਿ ਆਪਣੀ ਮਾਂ ਬੋਲੀ ਪੰਜਾਬੀ ਲਈ ਯੋਗਦਾਨ ਪਾਉਣ ਦਾ ਇਹ ਬਹੁਤ ਚੰਗਾ ਮੌਕਾ ਹੈ ਅਤੇ ਹਰ ਪੰਜਾਬੀ ਨੂੰ ਆਪਣਾ ਫਰਜ਼ ਸਮਝ ਕੇ ਇਹ ਕਾਰਜ ਨਿਭਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਹੈ ਕਿ ਇਸ ਵਾਰ ਮਰਦਮਸ਼ੁਮਾਰੀ ਦਾ ਦਿਨ ਮੰਗਲਵਾਰ 11 ਮਈ, 2021 ਨਿਯੁਕਤ ਹੋਇਆ ਹੈ। ਇਸ ਮਰਦਮਸ਼ੁਮਾਰੀ ਨਹੀ 75% ਵਾਸੀਆਂ ਨੂੰ ਛੋਟਾ ਫਾਰਮ ਭਰਨਾ ਪਵੇਗਾ ਜੋ ਕਿ ਬਹੁਤ ਸੌਖਾ ਕੰਮ ਹੈ ਅਤੇ 25% ਸ਼ਹਿਰੀਆਂ ਨੂੰ ਲੰਮਾ ਫਾਰਮ ਭਰਨਾ ਪਵੇਗਾ ਜਿਸ ਵਿਚ ਕਾਫੀ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਇਨ੍ਹਾਂ ਦੋਹਾਂ ਫਾਰਮਾਂ ਵਿਚ ਕੁਝ ਮਾਂ ਬੋਲੀ ਬਾਰੇ ਵੀ ਸਵਾਲ ਹਨ। ਉਨ੍ਹਾਂ ਕਿਹਾ ਕਿ ਮਾਂ ਬੋਲੀ ਦੇ ਸਵਾਲਾਂ ਲਈ ਹਰ ਇਕ ਵਿਅਕਤੀ ਨੂੰ ਉਸ ਦੀ ਆਪਣੀ ਭਾਸ਼ਾ ਬਾਰੇ ਜਵਾਬ ਦੇਣ ਲਈ ਆਖਿਆ ਜਾਵੇਗਾ। ਅੰਗਰੇਜੀ, ਫਰਾਂਸੀਸੀ ਅਤੇ ਹੋਰਨਾਂ ਭਾਸ਼ਾ ਵਿੱਚੋਂ ਚੋਣ ਕਰਨੀ ਪਵੇਗੀ ਜਿਨ੍ਹਾਂ ਵਿਚ ਪੰਜਾਬੀ ਭਾਸ਼ਾ ਵੀ ਸ਼ਾਮਲ ਹੈ। ਸ. ਸੰਘੇੜਾ ਨੇ ਦੱਸਿਆ ਕਿ 2016 ਦੀ ਮਰਦਮ ਸ਼ੁਮਾਰੀ ਅਨੁਸਾਰ



568,375 ਵਿਅਕਤੀਆਂ ਨੇ ਪੰਜਾਬੀ ਨੂੰ ਆਪਣੀ ਮਾਂ ਬੋਲੀ ਵਜੋਂ ਚੁਣਿਆ ਸੀ । ਪਿਛਲੇ ਪੰਜਾਂ ਸਾਲਾਂ ਵਿਚ ਸਾਡੀ ਮਾਂ ਬੋਲੀ ਪੰਜਾਬੀ ਬੋਲਣ ਵਾਲੇ ਵੱਡੀ ਗਿਣਤੀ ਵਿਚ ਸ਼ੁੱਭਚਿੰਤਕ ਕੈਨੇਡਾ ਆਏ ਹਨ। ਇਕ ਅੰਦਾਜ਼ੇ ਅਨੁਸਾਰ ਇਸ ਵੇਲੇ ਕੈਨੇਡਾ ਵਿਚ ਘੱਟੋ ਘੱਟ ਇਕ ਮਿਲਅਨ (ਦਸ ਲੱਖ) ਪੰਜਾਬੀ ਵਸਦੇ ਹਨ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (ਪਲੀਅ) ਵੱਲੋਂ ਉਨ੍ਹਾਂ ਮਾਂ ਬੋਲੀ ਪੰਜਾਬੀ ਦੇ ਹਰ ਇਕ ਸ਼ੁਭਚਿੰਤਕ ਨੂੰ ਅਪੀਲ ਕੀਤੀ ਹੈ ਕਿ ਕੈਨੇਡਾ ਦੀ 2021 ਵਾਲੀ ਮਰਦਮ ਸ਼ੁਮਾਰੀ ਵਿਚ ਵਧ ਚੜ੍ਹ ਕੇ ਯੋਗਦਾਨ ਪਾਉ ਅਤੇ ਆਪਣੀ ਮਾਂ ਬੋਲੀ ਪੰਜਾਬੀ ਦੀ ਚੋਣ ਕਰੋ। ਆਪਣੇ ਦੋਸਤਾਂ ਮਿੱਤਰਾਂ ਅਤੇ ਰਿਸ਼ਤੇਦਾਰਾਂ ਨੂੰ ਵੀ ਇਸ ਸ਼ੁੱਭ ਕਾਰਜ ਵਿਚ ਹਿੱਸਾ ਪਾਉਣ ਲਈ ਪ੍ਰੇਰਿਤ ਕਰੋ।




## ਸਰੀ 'ਚ ਰਾਜਦੀਪ ਸਿੰਘ ਤੂਰ ਦਾ ਗ਼ਜ਼ਲ ਸੰਗ੍ਰਹਿ ਰੂਹ ਵੇਲਾ ਰਿਲੀਜ਼

ਸਰੀ (ਹਰਦਮ ਮਾਨ)-ਬੀਤੇ ਦਿਨ ਗ਼ਜ਼ਲ ਮੰਚ ਸਰੀ ਦੀ ਮੀਟਿੰਗ ਬੀਅਰ ਕਰੀਕ ਪਾਰਕ ਵਿਚ ਹੋਈ ਜਿਸ ਵਿਚ ਪੰਜਾਬੀ ਦੇ ਪ੍ਰਸਿੱਧ ਗ਼ਜ਼ਲਗੋ ਰਾਜਦੀਪ ਸਿੰਘ ਤੂਰ ਦਾ ਨਵਾਂ ਗ਼ਜ਼ਲ ਸੰਗ੍ਰਹਿ ਰੂਹ ਵੇਲਾ ਰਿਲੀਜ਼ ਕੀਤਾ ਗਿਆ। ਰਿਲੀਜ਼ ਉਪਰੰਤ ਪੁਸਤਕ ਬਾਰੇ ਬੋਲਦਿਆਂ ਨਾਮਵਰ ਸ਼ਾਇਰ ਜਸਵਿੰਦਰ ਅਤੇ ਰਾਜਵੰਤ ਰਾਜ ਨੇ ਕਿਹਾ ਕਿ ਰਾਜਦੀਪ ਤੂਰ ਗ਼ਜ਼ਲ ਦੇ ਰਾਹਾਂ ਦਾ ਅਣਥੱਕ ਪਾਂਧੀ ਹੈ। 'ਰੂਹ ਵੇਲ਼ਾ' ਉਸ ਦੀ ਮਿਹਨਤ 'ਤੇ ਹਾਂ ਪੱਖੀ ਮੋਹਰ ਲਾਉਂਦੀ ਹੈ। ਉਹ ਇਕ ਆਮ ਖ਼ਿਆਲ ਨੂੰ ਨਿਵੇਕਲ਼ੇ ਢੰਗ ਨਾਲ ਕਹਿਣ ਦਾ ਵੱਲ ਜਾਣਦਾ ਹੈ। ਇਸ ਮੌਕੇ ਉਸਤਾਦ ਸ਼ਾਇਰ ਕ੍ਰਿਸ਼ਨ ਭਨੋਟ, ਇੰਦਰਜੀਤ ਧਾਮੀ, ਹਰਦਮ ਸਿੰਘ ਮਾਨ, ਦਵਿੰਦਰ ਗੌਤਮ, ਗੁਰਮੀਤ ਸਿੱਧੂ ਅਤੇ ਪ੍ਰੀਤ ਮਨਪ੍ਰੀਤ ਨੇ ਵੀ ਰਾਜਦੀਪ ਤੂਰ ਨੂੰ ਵਧਾਈ ਦਿੰਦਿਆਂ ਰੂਹ ਵੇਲਾ ਨੂੰ ਪੰਜਾਬੀ ਗ਼ਜ਼ਲ ਵਿਚ ਨਿੱਗਰ ਵਾਧਾ ਦੱਸਿਆ।




ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ
Harmeet Singh Grewal
TEAM GRC
Jatinder Kaur Grewal
www.teamgrc.ca
exp REALTY
604.800.9061
info@teamgrc.ca
Search New listing on - www.teamgrc.ca


ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ
TAX PRO
Accounting Inc.
• Accounting & Auditing
• Income Tax
• Corporate & Personal
• WCB • GST/HST • Payroll
• ਅਕਾਊਂਟਿੰਗ ਅਤੇ ਆਡਿਟਿੰਗ
• ਇਨਕਮ ਟੈਕਸ
• ਕਾਰਪੋਰੇਟ ਅਤੇ ਪਰਸਨਲ ਟੈਕਸ
• WCB • GST/HST • ਪੇਰੋਲ
10+ Years Experience
Talwinder Athwal Accountant
Ph: 604-506-7545
#220 - 13588 88 Ave., Surrey , BC
Email: taxproaccounting@mail.com




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਮਿਲੀ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਕਵੀਓ ਵਾਚ

82 ਭਲਾ ਕੀਤਾ ਜਿਨ੍ਹਾਂ ਦਾ ਗੁਰੂ ਜੀ ਨੇ, ਉਨ੍ਹਾਂ ਕੀਤੀਆਂ ਆਣ ਬੁਰਾਈਆਂ ਨੇ।
ਪੱਥਰ ਹੋਏ ਪੱਥਰਾਂ ਵਿੱਚ ਰਹਿਕੇ, ਮਿਹਰਬਾਨੀਆਂ ਸਭ ਭੁਲਾਈਆਂ ਨੇ।
ਦੇਸ਼ ਨਾਲੋਂ ਰੱਖੇ ਰਾਜ ਮੂਹਰੇ, ਮੂੰਹ ਮੋੜਿਆ ਭਾਈਆਂ ਤੋਂ ਭਾਈਆਂ ਨੇ।
ਹਰਚੰਦ ਸਿੰਘਾ ਸੌ ਸਾਲ ਪਿੱਛੋਂ, ਆਜ਼ਾਦੀ ਪਾਈ ਇਨ੍ਹਾਂ ਸ਼ੁਦਾਈਆਂ ਨੇ॥

### ਰੁਸਤਮ ਖਾਂ ਨੇ ਮੂੰਹ ਦੀ ਖਾ ਕੇ ਮੁੜਨਾ

83 ਇਧਰ ਗੁਰੂ ਜੀ ਕਰਨ ਉਡੀਕ ਲੱਗੇ, ਕਰ ਲਈਆਂ ਸਭ ਤਿਆਰੀਆਂ ਨੇ।
ਪਹਿਲ ਕਰਨ ਦੀ ਆਪਾਂ ਨੂੰ ਲੋੜ ਨਹੀਂ, ਸਲਾਹ ਦਿੱਤੀ ਨੇਕ ਲਿਖਾਰੀਆਂ ਨੇ।
ਸਤਲੁਜ ਟੱਪਕੇ ਜਦ ਉਹ ਪਾਰ ਆਇਆ, ਸਿੱਖਾਂ ਧੂਹੀਆਂ ਤੇਜ਼ ਕਟਾਰੀਆਂ ਨੇ।
ਹਰਚੰਦ ਸਿੰਘਾ ਹੋਈ ਸੁਰਖ ਧਰਤੀ, ਪਾਈਆਂ ਸ੍ਰੁੱਕਣੀਆਂ ਜਿਵੇਂ ਫੁਲਕਾਰੀਆਂ ਨੇ॥\
84 ਦਿਨ ਮੁੱਕਿਆ ਖ਼ੂਨ ਦੀ ਖੇਡ ਹੋਲੀ, ਰੁਸਤਮ ਆ ਕੇ ਬਹੁ ਪਛਤਾਇਆ ਏ।
ਸੁੱਕੇ ਨਾਲੇ ਦੀ ਆੜ ਦੇ ਵਿੱਚ ਉਸਨੇ, ਡੇਰਾ ਆਪਣਾ ਆਣ ਕੇ ਲਾਇਆ ਏ।
ਦੇਖੋ ਰੱਬ ਨੇ ਆਪ ਸਬੱਬ ਕੀਤਾ, ਬੜੇ ਜ਼ੋਰ ਦਾ ਮੀਂਹ ਬਰਸਾਇਆ ਏ।
ਹਰਚੰਦ ਸਿੰਘਾ ਖੁਰਨ ਪਹਾੜ ਲੱਗੇ, ਸ਼ੋਰ ਪੱਥਰਾਂ-ਪਾਣੀਆਂ ਪਾਇਆ ਏ॥\
85 ਪਾਣੀ ਪਰਬਤੋਂ ਗੋਲੀ ਦੇ ਵਾਂਗ ਆਇਆ, ਸੁੱਤੀ ਫ਼ੌਜ ਨੂੰ ਭਾਜੜਾਂ ਪੈ ਗਈਆਂ।
ਊਠ, ਘੋੜੇ, ਟੈਂਟ ਜਵਾਨ ਸਾਰੇ, ਛੱਲਾਂ ਕਿਤੇ ਦੀ ਕਿਤੇ ਸੀ ਲੈ ਗਈਆਂ।
ਪਾਣੀ ਅੱਗੇ ਨਾ ਕਿਸੇ ਦੀ ਵਾਹ ਜਾਂਦੀ, ਜਿੰਦਾਂ ਮੌਤ ਦੇ ਮੂੰਹ ਸੀ ਪੈ ਗਈਆਂ।
ਹਰਚੰਦ ਸਿੰਘਾ ਹੋਣੀ ਦੇ ਰੰਗ ਵੇਖੋ, ਘਰੀਂ ਬੇਗ਼ਮਾਂ ਰੋਂਦੀਆਂ ਰਹਿ ਗਈਆਂ॥
86 ਰੁਸਤਮ ਮੁੜਿਆ ਮੂੰਹ ਦੀ ਖਾ ਪਿੱਛੋਂ, ਲਾਹੌਰ ਪਹੁੰਚ ਕੇ ਹਾਲ ਸੁਣਾਇਆ ਏ।
ਸਿੱਖਾਂ ਕੁੱਟ ਕੇ ਚੂਰਮੇ ਕਰੇ ਸਾਡੇ, ਕਿਸੇ ਰਾਜੇ ਨਾ ਮੁੱਖ ਦਿਖਾਇਆ ਏ।
ਗੁਰੂ ਜਿੱਤਣਾ ਸਾਡੇ ਵਸ ਨਾਹੀ, ਮੱਥਾ ਕਿਉਂ ਪਹਾੜ ਨੂੰ ਲਾਇਆ ਏ।
ਹਰਚੰਦ ਸਿੰਘਾ ਉਸਦੀ ਕਰਨ ਰਾਖੀ, ਇੰਦਰ ਦੇਵਤਾ ਚੱਲ ਕੇ ਆਇਆ ਏ॥

### ਦਿਲਾਵਰ ਖਾਂ ਦੀ ਭੀਮ ਚੰਦ ਨੂੰ ਝਾੜ ਪਾਉਣ

87 ਦਿਲਾਵਰ ਖ਼ਾਂ ਨੇ ਹੋ ਕੇ ਲਾਲ ਲਿਖਿਆ, ਹੈ ਦੋਗਲਾ ਭੀਮ ਕਿਰਦਾਰ ਤੇਰਾ।
ਮੱਦਦ ਕਰੀ ਨਾ ਮੁਗਲ ਸਰਕਾਰ ਦੀ ਜੇ, ਭਸਮ ਕਰ ਦਊਂ ਕੁੱਲ ਪਰਿਵਾਰ ਤੇਰਾ।
ਹੁਸੈਨੀ ਭੇਜਿਆ ਮੈਂ ਅਨੰਦਪੁਰ ਨੂੰ, ਹੁਣ ਵੇਖਣਾ ਹੈ ਵਿਹਾਰ ਤੇਰਾ।
ਹਰਚੰਦ ਸਿੰਘਾ ਸੂਲੀ ਤੇ ਟੰਗ ਦੇਊਂ, ਝੂਠਾ ਨਿਕਲਿਆ ਅਗਰ ਇਕਰਾਰ ਤੇਰਾ॥

### ਜਰਨੈਲ ਹੁਸੈਨੀ ਖਾਂ ਦਾ ਹਮਲਾ

88 ਹੁਸੈਨੀ ਭੇਜਿਆ ਫੜਨ ਗੁਰੂ ਜੀ ਨੂੰ, ਦਿਲ ਉਸਦਾ ਰਾਹ ਵਿੱਚ ਡੋਲਿਆ ਏ।
ਅਨੰਦਪੁਰ ਛੱਡ ਕੇ ਰਾਹ ਉਹੋ ਤੇ, ਸਿੱਧਾ ਵੱਲ ਪਹਾੜੀਆਂ ਹੋ ਲਿਆ ਏ।
ਕਈ ਰਾਜੇ ਨਾਲ ਮਿਲਾਅ ਉਸਨੇ, ਹੱਲਾ ਜਾ ਗੁਲੇਰ ਤੇ ਬੋਲਿਆ ਏ।
ਹਰਚੰਦ ਸਿੰਘਾ ਗੁਪਾਲ ਚੰਦ ਗੁਲੇਰੀਏ ਨੇ, ਖ਼ੂਨ ਅਣਖਾਂ ਵਾਸਤੇ ਡੋਲ੍ਹਿਆ ਏ॥

### ਗੁਪਾਲ ਚੰਦ ਨੇ ਦੂਤ ਭੇਜਣੇ

89 ਦਿਨ ਮੁੱਕਾ ਬੰਦ ਘਸਮਾਨ ਹੋਇਆ, ਗੁਪਾਲ ਮੁੜ ਕਿਲ੍ਹੇ ਵਿਚ ਆਇਆ ਏ।
ਅੱਧੀ ਫ਼ੌਜ ਮੈਦਾਨ ਦੇ ਵਿੱਚ ਮੋਈ, ਦੁਸ਼ਮਣ ਅਜੇ ਦੂਣ ਸਵਾਇਆ ਏ।
ਬਿਨਾਂ ਗੁਰੂ ਤੋਂ ਹੋਰ ਨਾ ਆਸਰਾ ਏ, ਹੋਣਾ ਕੱਲ੍ਹ ਨੂੰ ਸਭ ਸਫ਼ਾਇਆ ਏ।
ਅਨੰਦਪੁਰ ਭੇਜ ਕੇ ਦੂਤ ਹਰਚੰਦ ਸਿੰਘਾ, ਦਸਮੇਸ਼ ਪਿਤਾ ਨੂੰ ਵਾਸਤਾ ਪਾਇਆ ਏ॥
90 ਦੂਤਾਂ ਦੱਸਿਆ ਜਾ ਦਸਮੇਸ਼ ਜੀ ਨੂੰ, ਹੁਸੈਨ ਖ਼ਾਂ ਨੇ ਕਹਿਰ ਕਮਾਇਆ ਏ।
ਭੀਮ ਚੰਦ, ਕ੍ਰਿਪਾਲ ਤੇ ਹੋਰ ਰਾਜੇ, ਜੋੜ ਆਪਣੇ ਨਾਲ ਲਿਆਇਆ ਏ।
ਗੁਪਾਲ ਚੰਦ ਨੇ ਹੱਕ ਤੇ ਸੱਚ ਲਈ, ਰਾਜ ਭਾਗ ਨੂੰ ਦਾਅ ਤੇ ਲਾਇਆ ਏ।
ਹਰਚੰਦ ਸਿੰਘਾ ਗੁਰਾਂ ਦੇ ਪੈ ਪੈਰੀਂ, ਦੁੱਖ ਆਪਣਾ ਆਣ ਸੁਣਾਇਆ ਏ॥

### ਗੁਰੂ ਜੀ ਨੇ ਮੱਦਦ ਭੇਜਣੀ ਤੇ ਜੰਗ ਜਿੱਤਣਾ

91 ਪਿੱਠ ਥਾਪੜੀ ਸਤਿਗੁਰੂ ਸੇਵਕਾਂ ਦੀ, ਥੱਕੇ ਹੋਏ ਹੋ ਜਾਓ ਇਸ਼ਨਾਨ ਕਰ ਲਓ।
ਪਹਾੜੀ ਰਾਹਾਂ ਦਾ ਲੰਬਾ ਸਫ਼ਰ ਕੀਤਾ, ਭੁੱਖੇ ਹੋਵੋਗੇ ਜਾਓ ਜਲ-ਪਾਨ ਕਰ ਲਓ।
ਅੱਖਾਂ ਵਿੱਚ ਲੰਘਾਈ ਏ ਰਾਤ ਸਾਰੀ, ਜ਼ਰਾ ਪੈ ਕੇ ਅੰਗ ਆਸਾਨ ਕਰ ਲਓ।
ਜਿਨ੍ਹਾਂ ਯੋਧਿਆਂ ਥੋੜੇ ਹੈ ਨਾਲ ਜਾਣਾ, ਉਨ੍ਹਾਂ ਨਾਲ ਵੀ ਜਾਣ-ਪਹਿਚਾਣ ਕਰ ਲਓ॥
92 ਨੰਦ ਚੰਦ ਨੂੰ ਗੁਰਾਂ ਨੇ ਹੁਕਮ ਕੀਤਾ, ਪੰਜ ਸੌ ਜਵਾਨ ਤਿਆਰ ਹੋਏ।
ਘੋੜੇ ਛਾਂਟ ਕੇ ਕਾਠੀਆਂ ਕਸ ਲਈਆਂ, ਕੰਡਿਆਲੇ ਪਾ ਕੇ ਬੀਰ ਅਸਵਾਰ ਹੋਏ।
ਧਰਮ ਯੁੱਧ ਲਈ ਗੁਰੂ ਦੇ ਲਾਲ ਚੱਲੇ, ਖੁਸ਼ ਵੇਖਕੇ ਬਹੁਤ ਦਾਤਾਰ ਹੋਏ।
ਹੋਲੀ ਖ਼ੂਨ ਦੀ ਖੇਡਣ ਹਰਚੰਦ ਸਿੰਘਾ, ਪੁੱਤ ਮਾਵਾਂ ਦੇ ਬੇ-ਕਰਾਰ ਹੋਏ॥
93 ਸਿੱਖੋ ਮੇਰਿਓ ਪਹੁੰਚ ਗੁਲੇਰ ਤੁਸੀਂ, ਝੰਡੇ ਫਤਹਿ ਦੇ ਜਾ ਕੇ ਗੱਡ ਦੇਵੋ।
ਦੇਸ਼ ਧ੍ਰੋਹੀ ਤੇ ਦੇਸ਼ ਦੇ ਵੈਰੀਆਂ ਦੇ, ਸੀਸ ਧੜਾਂ ਦੇ ਨਾਲੋਂ ਵੱਢ ਦੇਵੋ।
ਥੋੜੇ ਹੱਥੋਂ ਮਰਨ ਜੋ ਚੱਲ ਆਏ, ਰੋਲ਼ ਉਨ੍ਹਾਂ ਦੇ ਖੇਤ ਵਿਚ ਹੱਡ ਦੇਵੋ।
ਹਰਚੰਦ ਸਿੰਘਾ ਗੁਪਾਲ ਤੇ ਔਖ ਆਈ, ਬੇੜੀ ਉਸਦੀ ਭੰਵਰ 'ਚੋਂ ਕੱਢ ਦੇਵੋ॥

### ਹੁਸੈਨੀ ਦਾ ਕਤਲ ਹੋਣਾ

94 ਲਾਲੀ ਚੜ੍ਹ ਗਈ ਦੇਖ ਗੁਲੇਰੀਆਂ ਨੂੰ, ਬੂਹਾ ਉਨ੍ਹਾਂ ਨੇ ਕਿਲ੍ਹੇ ਦਾ ਖੋਲ੍ਹਿਆ ਏ।
ਫ਼ੌਜ ਲਾਡਲੀ ਗੁਰਾਂ ਦੀ ਵੇਖ ਆਈ, ਹੱਲਾ ਝੱਟ ਹੁਸੈਨੀ ਤੇ ਬੋਲਿਆ ਏ।
ਸਿੱਖ ਸੂਰਮੇ ਪਿੱਛੋਂ ਦੀ ਆਣ ਟੁੱਟੇ, ਉਨ੍ਹਾਂ ਜਾ ਹੁਸੈਨੀ ਨੂੰ ਟੋਲਿਆ ਏ।
ਹਰਚੰਦ ਸਿੰਘਾ ਵੱਢ ਕੇ ਸਿਰ ਉਸਦਾ, ਨੇਜ਼ੇ ਉੱਤੇ ਉਸਨੂੰ ਤੋਲਿਆ ਏ॥

### ਕ੍ਰਿਪਾਲ ਚੰਦ ਦੀ ਮੌਤ

95 ਸਿਰ ਵੇਖ ਹੁਸੈਨੀ ਦਾ ਵੱਢ ਹੋਇਆ, ਖ਼ਾਨ-ਪਠਾਨ ਸੀ ਹੌਸਲੇ ਹਾਰ ਚੱਲੇ।
ਦੋਨੋਂ ਪਾਸਿਓਂ ਪੈਂਦੀ ਮਾਰ ਡਾਢੀ, ਹੌਲੀ ਹੌਲੀ ਉਹ ਹੋ ਫਰਾਰ ਚੱਲੇ।
ਕਿਰਪਾਲ ਚੰਦ ਮੈਦਾਨ ਦੇ ਵਿੱਚ ਆਇਆ, ਤੇਜ਼ ਉਸਦੀ ਬੜੀ ਕਟਾਰ ਚੱਲੇ।
ਹਰਚੰਦ ਸਿੰਘਾ ਉਹ ਵੀ ਚਿੱਤ ਕੀਤਾ, ਮਾਰੂ ਉਸਤੇ ਜਦੋਂ ਸੀ ਵਾਰ ਚੱਲੇ॥
96 ਭੀਮ ਚੰਦ ਲੂਤੀਆਂ ਲਾਉਣ ਵਾਲਾ, ਉਥੋਂ ਭੱਜਿਆ ਬਚ-ਬਚਾਅ ਕੇ ਜੀ।
ਹੁਸੈਨ ਖਾਂ, ਕ੍ਰਿਪਾਲ ਕਟੋਚੀਏ ਤੇ, ਹੋਰ ਕਈਆਂ ਦੇ ਘਾਣ ਕਰਵਾ ਕੇ ਜੀ।
ਸਿੱਖਾਂ ਅਤੇ ਗੁਲੇਰੀਆਂ ਜਿੱਤ ਪਾਈ, ਖੁਸ਼ੀ ਕੀਤੀ ਢੋਲ ਵਜਾ ਕੇ ਜੀ।
ਹਰਚੰਦ ਸਿੰਘਾ ਗੁਰਾਂ ਦੇ ਚਰਨ ਛੂਹੇ, ਗੁਪਾਲ ਚੰਦ ਨੇ ਅਨੰਦਪੁਰ ਆ ਕੇ ਜੀ॥
97 ਘੋੜੇ ਤਿੰਨ ਸੌ ਸੱਖਣੇ ਮੁੜ ਆਏ, ਵਿਚ ਰਣ ਦੇ ਸਿੱਖ ਅਸਵਾਰ ਰਹਿ ਗਏ।
ਛੇਤੀ ਮੁੜਾਂਗੇ ਘਰੀਂ ਜੋ ਕਹਿ ਆਏ, ਕੀਤੇ ਉਨ੍ਹਾਂ ਦੇ ਸਾਰੇ ਇਕਰਾਰ ਰਹਿ ਗਏ।
ਦੋ ਸੌ ਜ਼ਖ਼ਮੀ ਬੱਬਰ ਸ਼ੇਰ ਮੁੜੇ, ਜਿਊਂਦੇ ਜੰਗ 'ਚੋਂ ਬੀਰ ਬਲਕਾਰ ਰਹਿ ਗਏ।
ਹਰਚੰਦ ਸਿੰਘਾ ਸਿੱਖਾਂ ਦੀ ਦੇਖ ਸ਼ਕਤੀ, ਦੰਦ ਪੀਹ ਕੇ ਬਾਈ ਧਾਰ ਰਹਿ ਗਏ॥

*(ਬਾਕੀ ਅਗਲ ਅੰਕ ਵਿਚ)*

NORTHCOAST LUMBER 1
CALL THE TRUE CONTRACTORS YARD TODAY
604-597-8884
*5 Acres of Lumber
*Landscape Materials
*Treated Lumber
*Plywood/OSB
*Versalam/BCI Joist
*Full Hardware Store
*12 Lumber Trucks


14682 - 66th Ave, Surrey, BC, V3S 1Z9
Fax: 604-597-0854
www.lumber1.ca/contractor

48 YEARS OF EXCELLENCE 1973 THE LINK GROUP 2021
PUNJAB LINK ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM

Rakesh Puri 604-377-4085 | Lalit (Nitu) 604-339-1599 | Amarjit Singh 778-908-0523 | Arya Bhalla 778-788-2429 | Hardam S. Maan 604-308-6663 | Shashi Madan 604-367-5611 | Shirin Mitha 604-614-9165
www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7
ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

**ਸਮੂਹ ਭਾਈਚਾਰੇ ਨੂੰ ਖਾਲਸਾ ਸਾਜਨਾ ਦਿਵਸ**
**ਦੀਆਂ ਲੱਖ-ਲੱਖ ਵਧਾਈਆਂ ਹੋਣ ਜੀ।**

INNOVA SECURITY

# INNOVA SECURITY

**Peace of mind is a matter of choice.**

*Simplifying your IT needs*

## 24 HOUR MONITORING

- Burglar Alarm
- Security Cameras
- Access Controls
- Fire Protection
- Protection Against Flooding & Temperature
- 24 Hours Monitoring ( theft , fire Emergency)







# Residential & Commercial Security Systems

**INNOVA BUILDER PROGRAM IS THE PERFECT SOLUTION FOR A SMART HOME**

With The Help Of An Innova Security Specialist, You'll Be Able To Plan All Of Your Home's Wiring Requirements Quickly & Easily.

- Home Theatre System
- Lighting Controls
- Audio / Video Wiring for intercoms & cameras in various rooms
- Multi Room Audio System
- Structured Wiring For Phone, Cable, Computer Networks And Satellite
- Motorized Drapes & Blinds
- Central Vacuum Systems
- Home Automation System

*Vaisakhi*
GREETINGS TO ALL

## 1-844.365.ASAP(2727)



"We'll make sure your property is secure, 24/7 Hours a day"

**Contact: Laddi Kular 604.761.5252**

**INNOVA SECURITY SYSTEMS**

**604-754-5555**

**WWW.INNOVASECURITY.CA**



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

**ਸਿਰਫ $10 ਖਰਚਾ ਸੰਪਰਕ : ਹਰਦਮ ਸਿੰਘ ਮਾਨ : 604-308-6663**

## MATRIMONIALS

### ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਉਮਰ 26 ਸਾਲ ਕੱਦ 5'10", ਨਸ਼ਿਆਂ ਤੋਂ ਰਹਿਤ, BTECH(ਮਕੈਨੀਕਲ), ਲਈ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਲੜਕਾ ਇੰਡੀਆ ਵਿੱਚ ਹੈ। ਲੜਕੇ ਕੋਲ ਇੰਡੀਆ ਵਿੱਚ 13 ਕਿੱਲੇ ਜ਼ਮੀਨ ਹੈ। ਲੜਕੇ ਦਾ ਪਰਿਵਾਰ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ: 778-713-0015 ਜਾਂ ਇੰਡੀਆ: 98156-34151

ਜੱਟ ਸਿੱਖ ਕੈਨੇਡੀਅਨ ਪੀ ਆਰ , ਉਮਰ 27 ਸਾਲ, ਕੱਦ 6 ਫੁੱਟ, ਵੈਟਨਰੀ ਡਾਕਟਰ ਡਿਗਰੀ ਹੋਲਡਰ (B.Vse), ਨਸ਼ਾ ਰਹਿਤ, ਲੜਕੇ ਵਾਸਤੇ ਉੱਚ ਸਿਖਿਆ ਪ੍ਰਾਪਤ ਲੜਕੀ ਦੀ ਲੋੜ ਹੈ। ਲੜਕਾ 24 ਏਕੜ ਜ਼ਮੀਨ ਦਾ ਮਾਲਿਕ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 778-968-6874

apr25

ਕੈਨੇਡੀਅਨ ਪੀ.ਆਰ., ਉਮਰ 28 ਸਾਲ ਕੱਦ 5'11", ਵਾਸਤੇ ਸੋਹਣੀ ਸੁਨੱਖੀ ਲੜਕੀ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 32 ਸਾਲ ਕੱਦ 5'8" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ। ਮਾਲਵੇ ਜ਼ਿਲੇ ਨੂੰ ਪਹਿਲ। ਸੰਪਰਕ- +91-8427380002 ਜਾਂ 604-771-2575

may01

ਜੱਟ ਸਿੱਖ, ਉਮਰ 26 ਸਾਲ, ਕੱਦ 5 ਫੁੱਟ 11 ਇੰਚ, ਬੀ ਏ, ਐਲ ਐਲ ਬੀ, ਆਇਲੈਟਸ ਚੋ 7 ਬੈਂਡ, ਜ਼ਮੀਨ-ਜਾਇਦਾਦ ਵਾਲੇ ਇੰਡੀਆ ਰਹਿੰਦੇ ਲੜਕੇ ਵਾਸਤੇ ਕੈਨੇਡੀਅਨ ਪੀ ਆਰ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਲਗਰੀ ਰਹਿੰਦਾ ਹੈ। ਚਾਹਵਾਨ ਸੰਪਰਕ ਕਰੋ- ਫੋਨ 587-892-2691, ਇੰਡੀਆ ਨੰਬਰ-98557-86891 (ਵੈਟਸਐਪ)

apr10

ਕੈਨੇਡੀਅਨ ਪੀ.ਆਰ., ਉਮਰ 27 ਸਾਲ ਕੱਦ 5'5", ਵਾਸਤੇ ਯੋਗ ਵਰ ਦੀ ਲੋੜ ਹੈ। ਉਹ ਪਰਿਵਾਰ ਸੰਪਰਕ ਕਰਨ ਜੋ ਉਸ ਦੇ ਇੰਡੀਅਨ ਭਰਾ ਉਮਰ 29 ਸਾਲ ਕੱਦ 6'0" ਨੂੰ ਕਨੇਡੀਅਨ ਪੀ.ਆਰ ਲੜਕੀ ਦਾ ਰਿਸ਼ਤਾ ਕਰਵਾ ਸਕਣ।। ਸੰਪਰਕ- 604-761-7580 ਜਾਂ 604-599-8237

apr10

## EMPLOYMENTS

### ਵਰਕਰਾਂ ਦੀ ਲੋੜ

**ਫਾਸਟ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਪ੍ਰਤੀ ਘੰਟਾ। ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਕਰਨ ਵਿਚ ਮਦਦ, ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਸਰੀ, ਡੈਲਟਾ, ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ।**

**ਅੱਜ ਹੀ ਸੰਪਰਕ ਕਰੋ:**

**ਸਾਹਿਬ ਸਿੰਘ : 778-863-9000**

## MATRIMONIALS

### ਲੜਕੇ ਦੀ ਲੋੜ

ਜੱਟ ਸਿੱਖ ਸੋਹਣੀ ਸੁਨੱਖੀ ਲੜਕੀ, ਉਮਰ 26 ਸਾਲ ਕੱਦ 5'1", ਵਾਸਤੇ ਕੈਨੇਡੀਅਨ ਸਿਟੀਜ਼ਨ ਜਾਂ ਪੀ.ਆਰ. ਲੜਕੇ ਲੋੜ ਹੈ। ਲੜਕੀ ਇੰਡੀਆ ਰਹਿੰਦੀ ਹੈ ਅਤੇ BSC (Fashion Designing) ਕੀਤੀ ਹੋਈ ਹੈ। ਲੜਕੀ ਦਾ ਪਰਿਵਾਰ ਪਹਿਲਾਂ ਹੀ ਕੈਨੇਡਾ ਵਿਚ ਵਧੀਆ ਸੈਟਲਡ ਹੈ। ਸੰਪਰਕ- 778-713-0015 ਜਾਂ 604-319-0044

apr10

ਜੱਟ ਸਿੱਖ ਬਰਾੜ ਕੈਨੇਡੀਅਨ ਪੀ ਆਰ , ਉਮਰ 29 ਸਾਲ, ਕੱਦ 5 ਫੁੱਟ 6 ਇੰਚ, ਆਈ ਸੀ ਬੀ ਸੀ ਚ ਜੌਬ ਕਰਦੀ ਲੜਕੀ ਵਾਸਤੇ ਪੀ ਆਰ ਜਾਂ ਵਰਕ ਪਰਮਿਟ ਵਾਲੇ ਲੜਕੇ ਦੀ ਲੋੜ ਹੈ। ਮਾਲਵਾ ਖੇਤਰ ਨੂੰ ਪਹਿਲ। ਚਾਹਵਾਨ ਸੰਪਰਕ ਕਰੋ-ਫੋਨ ਨੰਬਰ 91-77105-45804 (ਵੈਟਸਐਪ)

apr10

BOOK YOUR CLASSIFIED IN

ਪੰਜਾਬ ਲਿੰਕ

PUNJABI WEEKLY NEWSPAPER

BUY 4 ADS GET 1 AD FREE

## EMPLOYMENTS

### ਵਰਕਰਾਂ ਦੀ ਲੋੜ

ਜ਼ੋਰਾਵਰ ਕੰਸਟਰਕਸ਼ਨ ਲਿਮ. ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ। ਵਧੀਆ ਤਨਖਾਹ। ਇਕ ਸਾਲ ਕੰਮ ਕਰਨ ਵਾਲਿਆਂ ਲਈ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਪੱਕੇ ਕਰਵਾਉਣ ਵਿਚ ਮਦਦ ਕੀਤੀ ਜਾਵੇਗੀ। ਸਰੀ, ਡੈਲਟਾ ਅਤੇ ਵੈਨਕੂਵਰ ਤੋਂ ਰਾਈਡ ਦਾ ਪ੍ਰਬੰਧ। ਅੱਜ ਹੀ ਸੰਪਰਕ ਕਰੋ- ਲਖਵੀਰ ਸਿੰਘ ਗਰੇਵਾਲ: 778-881-0002

### ਵਰਕਰਾਂ ਦੀ ਲੋੜ

H.R. Stucco & Renovations Ltd. ਵਾਲਿਆਂ ਨੂੰ ਕਾਮੇਆਂ ਦੀ ਜ਼ਰੂਰਤ ਹੈ। ਯੋਗਤਾ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਇਹਨਾਂ ਫੋਨ ਨੰਬਰਾਂ ਤੇ ਸੰਪਰਕ ਕਰੋ: 604-312-1325 ਜਾਂ 604-518-4800 | ਅਸੀ ਨਵੇਂ ਅਤੇ ਪੁਰਾਣੇ ਘਰਾਂ ਨੂੰ ਵਧੀਆ ਅਤੇ ਸਸਤੇ ਰੇਟਾਂ ਤੇ ਸਟੱਕੋ ਕਰਦੇ ਹਾਂ।

### ਵਰਕਰਾਂ ਦੀ ਲੋੜ

ਐਬਟਸਫੋਰਡ ਦੀ ਮੰਨੀ ਪ੍ਰਮੰਨੀ ਕੰਪਨੀ ਜੇ. ਕੇ. ਜੇ. ਕੰਟਰੈਕਟਿੰਗ ਲਿਮਟਿਡ ਵਾਲਿਆਂ ਨੂੰ ਨਰਸਰੀ, ਕਰੇਨਬੇਰੀ ਲਈ ਫਾਰਮ ਵਰਕਰਾਂ ਦੀ ਤੁਰੰਤ ਲੋੜ ਹੈ। ਕੰਮ ਪਲਾਂਟਿੰਗ, ਪੌਟਿੰਗ, ਬੇਰੀ ਤੋੜਨ ਅਤੇ ਕਰੇਨਬੇਰੀ ਦਾ ਹੋਵੇਗਾ ਅਤੇ ਸਾਰਾ ਸਾਲ ਚੱਲੇਗਾ। ਕੰਮ ਅਨੁਸਾਰ ਵਧੀਆ ਤਨਖਾਹ ਦਿੱਤੀ ਜਾਵੇਗੀ। ਮਿਸ਼ਨ, ਐਬਟਸਫੋਰਡ ਅਤੇ ਐਲਡਰਗਰੋਵ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੋਵੇਗਾ। ਸਾਨੂੰ ਡਰਾਈਵਰ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਸੰਪਰਕ ਕਰੋ-ਚਰਨਜੀਤ ਕੌਰ 604-309-8705

dec31

ਕੰਗ ਫਾਰਮਜ਼ 4136-168 ਸਟ੍ਰੀਟ, ਸਰੀ, ਬੀ.ਸੀ. ਵਾਲਿਆਂ ਨੂੰ ਫੁਲ ਟਾਇਮ ਫਾਰਮ ਵਰਕਜ਼ ਦੀ ਜ਼ਰੂਰਤ ਹੈ। ਤਨਖਾਹ 16.75 / ਘੰਟਾ। ਕੰਮ ਪੌਦੇ, ਸਿੰਚਾਈ, ਛਾਂਗਣ, ਬੂਟੀ ਆਦਿ ਲਗਾਉਣ ਹੈ। ਅਪਲਾਈ ਕਰੋ: kang.farmworkers@gmail.com

apr10

## ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ

# JOSAN REBAR & DAMPPROOFING LTD.




• BEAM LOG • POLY • COMPACTING • STYROFOAM • FOUNDATION • DAMPPROOFING • WINDOW WELL • INSULATION • REINFORCING STEEL • POST TENSIONING & WIRE MESH • DRIVEWAY, SIDEWALK & GARAGE



## REBAR WORK AT ITS BEST

- ਮੁਫਤ ਐਸਟੀਮੇਟ ਲਈ ਫੋਨ ਕਰੋ:

## ਸੁਖਵਿੰਦਰ ਸਿੰਘ ਜੋਸਨ

# 604.250.1686

Email: sukhwinderjosan25@gmail.com

# ਕੈਪਟਨ ਵੱਲੋਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਸਬੰਧੀ 937 ਕਰੋੜ ਰੁਪਏ ਦੇ ਪ੍ਰੋਜੈਕਟਾਂ ਨੂੰ ਮਨਜ਼ੂਰੀ ਦੇਣ ਲਈ ਪ੍ਰਧਾਨ ਮੰਤਰੀ ਨੂੰ ਅਪੀਲ

## ਸ੍ਰੀ ਆਨੰਦਪੁਰ ਸਾਹਿਬ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨ ਅਤੇ ਇਤਿਹਾਸਕ ਜਸ਼ਨਾਂ ਨੂੰ ਆਲਮੀ ਪੱਧਰ 'ਤੇ ਮਨਾਉਣ ਦੀ ਮੰਗ

ਚੰਡੀਗੜ੍ਹ-ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਅਪੀਲ ਕਰਦਿਆਂ ਕਿਹਾ ਕਿ ਸੂਬਾ ਸਰਕਾਰ ਦੀਆਂ 937 ਕਰੋੜ ਰੁਪਏ ਦੀਆਂ ਵੱਖੋ-ਵੱਖਰੇ ਪ੍ਰਾਜੈਕਟਾਂ ਸਬੰਧੀ ਤਜਵੀਜ਼ਾਂ ਨੂੰ ਮਨਜ਼ੂਰੀ ਦਿੱਤੀ ਜਾਵੇ ਜਿਨ੍ਹਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ ਨੂੰ ਸਮਾਰਟ ਸਿਟੀ ਵਜੋਂ ਵਿਕਸਤ ਕਰਨਾ ਵੀ ਸ਼ਾਮਲ ਹੈ ਤਾਂ ਜੋ ਨੌਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਅਕੀਦਤ ਭੇਟ ਕੀਤੀ ਜਾ ਸਕੇ ਜਿਨ੍ਹਾਂ ਦਾ 400 ਸਾਲਾ ਪ੍ਰਕਾਸ਼ ਪੁਰਬ ਇਸ ਵਰ੍ਹੇ ਮਨਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਵੱਲੋਂ 400 ਸਾਲਾ ਪ੍ਰਕਾਸ਼ ਪੁਰਬ ਦੇ ਜਸ਼ਨਾਂ ਸਬੰਧੀ ਯੋਜਨਾਵਾਂ ਨੂੰ ਅੰਤਿਮ ਰੂਪ ਦੇਣ ਲਈ ਸੱਦੀ ਗਈ ਉੱਚ ਪੱਧਰੀ ਕੌਮੀ ਕਮੇਟੀ ਦੀ ਮੀਟਿੰਗ ਵਿੱਚ ਵਰਚੁਅਲ ਤੌਰ 'ਤੇ ਸ਼ਿਰਕਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ, "ਅਸੀਂ ਸਾਰੇ ਵਡਭਾਗੇ ਹਾਂ ਕਿ ਸਾਨੂੰ ਆਪਣੀ ਜ਼ਿੰਦਗੀ ਵਿੱਚ ਇਹ ਇਤਿਹਾਸਕ ਜਸ਼ਨ ਮਨਾਉਣ ਦਾ ਮੌਕਾ ਮਿਲ ਰਿਹਾ ਹੈ ਅਤੇ ਮੈਂ ਮੋਦੀ ਜੀ ਨੂੰ ਇਹ ਯਕੀਨੀ ਬਣਾਉਣ ਦੀ ਅਪੀਲ ਕਰਦਾ ਹਾਂ ਕਿ ਇਨ੍ਹਾਂ ਇਤਿਹਾਸਕ ਜਸ਼ਨਾਂ ਨੂੰ ਨਾ ਸਿਰਫ ਕੌਮੀ ਸਗੋਂ ਆਲਮੀ ਪੱਧਰ 'ਤੇ ਵੀ ਮਨਾਇਆ ਜਾਵੇ।" ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ, ਜਿਨ੍ਹਾਂ ਨੂੰ ਹਿੰਦ ਦੀ ਚਾਦਰ ਵੀ ਕਿਹਾ ਜਾਂਦਾ ਹੈ, ਸਾਡੇ ਦੇਸ਼ ਦੀ ਧਰਮ ਨਿਰਪੱਖ ਪ੍ਰੰਪਰਾ ਦੇ ਚਾਨਣ ਮੁਨਾਰੇ ਹਨ ਅਤੇ ਉਨ੍ਹਾਂ ਵੱਲੋਂ ਦਿੱਤੀ ਲਾਸਾਨੀ ਕੁਰਬਾਨੀ- 'ਸੀਸ ਦੀਆ ਪਰ ਸਿਰਰ ਨਾ ਦੀਆ'- ਸਾਡੇ ਦੇਸ਼ ਦੇ ਇਤਿਹਾਸ ਦਾ ਇਕ ਮਹੱਤਵਪੂਰਨ ਹਿੱਸਾ ਹੈ। ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਉਹ ਖੁਦ ਨੂੰ 'ਸੁਭਾਗਾ' ਮਹਿਸੂਸ ਕਰਦੇ ਹਨ ਕਿ ਉਨ੍ਹਾਂ ਦੇ ਮੌਜੂਦਾ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਸਮਾਗਮਾਂ ਦਾ ਹਿੱਸਾ ਬਣਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ, "ਮੇਰੇ ਪਿਛਲੇ ਕਾਰਜਕਾਲ ਦੌਰਾਨ ਵੀ ਮੈਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 400ਵੀਂ ਵਰ੍ਹੇਗੰਢ ਦੇ ਜਸ਼ਨਾਂ ਦਾ ਹਿੱਸਾ ਬਣਨ ਦਾ ਸੁਭਾਗ ਪ੍ਰਾਪਤ ਹੋਇਆ।" ਪ੍ਰਧਾਨ ਮੰਤਰੀ ਨੂੰ ਇਸ ਸਬੰਧੀ ਕੇਂਦਰ ਸਰਕਾਰ ਨੂੰ ਭੇਜੇ ਗਏ ਯਾਦ ਪੱਤਰ ਬਾਰੇ ਜਾਣਕਾਰੀ ਦਿੰਦੇ ਹੋਏ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਸੂਬੇ ਵਿੱਚ ਗੁਰੂ ਸਾਹਿਬ ਦੇ ਜੀਵਨ ਨਾਲ ਜੁੜੇ ਕਸਬਿਆਂ ਅਤੇ ਪਿੰਡਾਂ ਦੇ ਢਾਂਚੇ ਵਿੱਚ ਸੁਧਾਰ ਕਰਨ ਦੀ ਯੋਜਨਾ ਹੈ। ਉਨ੍ਹਾਂ ਅੱਗੇ ਕਿਹਾ ਕਿ ਅੰਮ੍ਰਿਤਸਰ ਤੋਂ ਇਲਾਵਾ ਸ੍ਰੀ ਆਨੰਦਪੁਰ ਸਾਹਿਬ ਅਤੇ ਬਾਬਾ ਬਕਾਲਾ ਵੀ ਇਸ ਸਬੰਧ ਵਿੱਚ ਕਾਫੀ ਮਹੱਤਵ ਰੱਖਦੇ ਹਨ ਅਤੇ ਇਸ ਤੋਂ ਛੁੱਟ ਸੂਬੇ ਵਿੱਚ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ 78 ਪਿੰਡ ਹਨ। ਮੁੱਖ ਮੰਤਰੀ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਦੁਆਰਾ ਭੇਜੀਆਂ ਗਈਆਂ ਤਜਵੀਜ਼ਾਂ ਵਿੱਚ ਸ੍ਰੀ ਆਨੰਦਪੁਰ ਸਾਹਿਬ, ਅੰਮ੍ਰਿਤਸਰ ਅਤੇ ਬਾਬਾ ਬਕਾਲਾ ਵਿੱਚ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਪ੍ਰਾਜੈਕਟਾਂ ਤੋਂ ਇਲਾਵਾ ਗੁਰੂ ਸਾਹਿਬ ਦੀ ਚਰਨ ਛੋਹ ਪ੍ਰਾਪਤ ਸੂਬੇ ਦੇ 78 ਪਿੰਡਾਂ ਵਿੱਚ ਛੱਪੜਾਂ ਅਤੇ ਪ੍ਰੰਪਰਾਗਤ ਜਲ ਸਰੋਤਾਂ ਦੀ ਹਾਲਤ ਵਿੱਚ ਸੁਧਾਰ ਕਰਨਾ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਕੂਲ ਆਫ ਟੈਕਸਟਾਈਲ ਤਕਨਾਲੋਜੀ ਅਤੇ ਬਾਬਾ ਬਕਾਲਾ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਇੰਸਟੀਚਿਊਟ ਆਫ ਹੈਂਡੀਕਰਾਫਟ ਸਥਾਪਤ ਕਰਨਾ ਸ਼ਾਮਿਲ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਇਹ ਵੀ ਅਪੀਲ ਕੀਤੀ ਕਿ ਕੇਂਦਰ ਸਰਕਾਰ ਵੱਲੋਂ ਇਸ ਮੌਕੇ ਵਿਸ਼ੇਸ਼ ਯਾਦਗਾਰੀ ਡਾਕ ਟਿਕਟ ਵੀ ਜਾਰੀ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਸੁਝਾਅ ਦਿੱਤਾ ਕਿ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਸੁਨੇਹੇ ਨੂੰ ਦੁਨੀਆ ਦੇ ਕੋਨੇ-ਕੋਨੇ ਵਿੱਚ ਪਹੁੰਚਾਉਣ ਲਈ ਦੇਸ਼ ਤੋਂ ਇਲਾਵਾ ਵਿਦੇਸ਼ਾਂ ਦੇ ਸਾਰੇ ਭਾਰਤੀ ਮਿਸ਼ਨਾਂ ਵਿਖੇ ਯਾਦਗਾਰੀ ਸਮਾਗਮ ਕਰਵਾਏ ਜਾਣੇ ਚਾਹੀਦੇ ਹਨ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਇਹ ਵੀ ਜਾਣਕਾਰੀ ਦਿੱਤੀ ਕਿ 1 ਮਈ ਦੇ ਮੁੱਖ ਸਮਾਗਮ ਨੂੰ ਦੇਸ਼ ਅਤੇ ਖਾਸ ਕਰਕੇ ਪੰਜਾਬ ਵਿਚਲੀ ਕੋਵਿਡ ਦੀ ਸਥਿਤੀ ਨੂੰ ਧਿਆਨ ਵਿੱਚ ਰੱਖਦੇ ਹੋਏ ਅੰਤਿਮ ਰੂਪ ਦਿੱਤਾ ਜਾ ਰਿਹਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਦੇਸ਼ ਭਰ ਵਿੱਚ ਇਸ ਇਤਿਹਾਸਕ ਮੌਕੇ ਕਰਵਾਏ ਜਾਣ ਵਾਲੇ ਜਸ਼ਨਾਂ ਲਈ ਵਿਸਥਾਰਤ ਯੋਜਨਾਬੰਦੀ ਕਰਨ ਲਈ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਦਾ ਧੰਨਵਾਦ ਕੀਤਾ। ਮੁੱਖ ਮੰਤਰੀ ਨੇ ਕਿਹਾ, "ਮੈਂ, ਇਨ੍ਹਾਂ ਸਮਾਗਮਾਂ ਨੂੰ ਤੁਹਾਡੇ ਵੱਲੋਂ ਇੰਨੀ ਜ਼ਿਆਦਾ ਤਵੱਜੋ ਦਿੱਤੇ ਜਾਣ ਲਈ ਤੁਹਾਡਾ ਧੰਨਵਾਦ ਕਰਦਾ ਹਾਂ ਕਿਉਂਜੋ ਆਮ ਤੌਰ 'ਤੇ ਅਜਿਹੇ ਜਸ਼ਨਾਂ ਦਾ ਆਯੋਜਨ ਕਰਨ ਦੀ ਜ਼ਿੰਮੇਵਾਰੀ ਸੂਬੇ ਜਾਂ ਭਾਈਚਾਰਿਆਂ 'ਤੇ ਹੀ ਛੱਡ ਦਿੱਤੀ ਜਾਂਦੀ ਹੈ।" ਉਨ੍ਹਾਂ ਹਰਿਆਣਾ ਦੇ ਮੁੱਖ ਮੰਤਰੀ ਵੱਲੋਂ ਆਪਣੇ ਸੂਬੇ ਵਿੱਚ ਵੀ ਯਾਦਗਾਰੀ ਜਸ਼ਨ ਮਨਾਏ ਜਾਣ ਦੇ ਦਿੱਤੇ ਭਰੋਸੇ ਦੀ ਸ਼ਲਾਘਾ ਕੀਤੀ। ਇਸ ਵਰਚੁਅਲ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਤੋਂ ਇਲਾਵਾ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਲੋਕ ਸਭਾ ਦੇ ਸਪੀਕਰ ਓਮ ਬਿਰਲਾ, ਕੇਂਦਰੀ ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਵਿਰੋਧੀ ਧਿਰ ਦੇ ਆਗੂ ਮਲਿਕਾਰਜੁਨ ਖੜਗੇ ਨੇ ਵੀ ਹਿੱਸਾ ਲਿਆ। ਇਹ ਜ਼ਿਕਰਯੋਗ ਹੈ ਕਿ ਇਸ ਉੱਚ ਪੱਧਰੀ ਕੌਮੀ ਕਮੇਟੀ ਦਾ ਗਠਨ ਬੀਤੇ ਵਰ੍ਹੇ 24 ਅਕਤੂਬਰ ਨੂੰ ਕੇਂਦਰ ਸਰਕਾਰ ਦੁਆਰਾ ਕੀਤਾ ਗਿਆ ਸੀ ਤਾਂ ਜੋ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਸਬੰਧੀ ਯਾਦਗਾਰੀ ਜਸ਼ਨ ਮਨਾਉਣ ਲਈ ਨੀਤੀਆਂ, ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਮਨਜ਼ੂਰੀ ਦਿੱਤੀ ਜਾ ਸਕੇ। ਇਸ ਕਮੇਟੀ ਵਿੱਚ 70 ਮੈਂਬਰ ਹਨ ਅਤੇ ਇਸ ਦੇ ਚੇਅਰਮੈਨ ਪ੍ਰਧਾਨ ਮੰਤਰੀ ਹਨ।



**CAN-AM LUMBER MILL**

**WE CAN NOW SUPPLY COMPLETE HOME PACKAGE**

Engineered Floor Joists, Roof Trusses

All the Framing lumber, Plywoods for Floors, Walls & Roof

**Always Low Prices**

2X6X8' Kiln Dry Fir **$4.95 EA**

1X4 Red Cedar 10' **$2.95 EA**

4X8X3/8" Paint Grade Plywood **$21.95 EA**

4X8X1/2" Paint Grade Plywood **$29.95 EA**

***APNA PUNJABI LUMBER YARD***

RING: MALKIT OR SAM SANGHA

**604-580-1415**

11635 130th St., Surrey, FAX: 604-580-1528

Email: can-ambuildingsupply@shaw.ca

***We Deliver to Your Job Site (Even to the Moon)***

"Where the Builders Buy"

**ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੀ ਆਪ ਸਭ ਨੂੰ ਲੱਖ-ਲੱਖ ਵਧਾਈਆਂ**

**HANS PATIO COVER & RAILING LTD.**

- Aluminum Railing
- Glass Railing
- Patio Covers
- Fences
- Automatic Gates
- Security Bars





***Residential & Commercial***

**Gurinder Hans**
**604-897-5232**

**Harpreet Hans**
**604-897-7155**

http://hans-patio-cover-and-railing-ltd.business.site | Email: harpreethans27@gmail.com

# ☬ ਆਪ ਸਭ ਨੂੰ ਵਿਸਾਖੀ ਦੀ ਵਧਾਈ ਹੋਵੇ ਜੀ ☬



ਬੀ.ਸੀ. ਵਿੱਚ ਕੋਵਿਡ-19




1

**ਰਜਿਸਟਰ ਕਰੋ:** ਪਤਾ ਕਰੋ ਕਿ ਤੁਸੀਂ ਕਦੋਂ ਯੋਗ ਹੋ ਅਤੇ **gov.bc.ca/getvaccinated** 'ਤੇ ਰਜਿਸਟਰ ਕਰੋ ਜਾਂ **1-833-838-2323** 'ਤੇ ਫੋਨ ਕਰੋ।

2

**ਆਪਣੀ ਤਾਰੀਖ ਬੁੱਕ ਕਰੋ:** ਤੁਹਾਡੀ ਵਾਰੀ ਆਉਣ 'ਤੇ ਤੁਹਾਨੂੰ ਈਮੇਲ ਜਾਂ ਟੈਕਸਟ ਮਿਲੇਗਾ ਅਤੇ ਫਿਰ ਤੁਸੀਂ ਆਪਣੀ ਅਪੌਇੰਟਮੈਂਟ ਬੁੱਕ ਕਰ ਸਕਦੇ ਹੋ।

3

**ਵੈਕਸੀਨ ਲਗਵਾਓ:** ਆਓ, ਟੀਕਾ ਲਗਵਾਓ ਅਤੇ ਮਹਾਂਮਾਰੀ ਨੂੰ ਪਿੱਛੇ ਛੱਡਣ ਵਿੱਚ ਮਦਦ ਕਰੋ।

ਵਧੇਰੇ ਜਾਣਕਾਰੀ ਲਈ gov.bc.ca/getvaccinated 'ਤੇ ਜਾਓ ਜਾਂ ਰਜਿਸਟਰੇਸ਼ਨ ਲਈ ਪੰਜਾਬੀ ਵਿੱਚ ਸਹਾਇਤਾ ਲਈ 1-833-838-2323 'ਤੇ ਫੋਨ ਕਰੋ।

BRITISH COLUMBIA


# ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ...

ਵਿਸਾਖੀ ਇੱਕ ਮੌਸਮੀ ਤਿਉਹਾਰ ਹੈ ਪਰ 1699 ਦੀ ਵਿਸਾਖੀ ਵਾਲੇ ਦਿਨ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਣਾ ਕਰ ਕੇ ਸਿੱਖ ਕੌਮ ਲਈ ਇਸ ਨੂੰ ਸਦੀਵੀਂ ਤੌਰ 'ਤੇ ਇਤਿਹਾਸਕ ਬਣਾ ਦਿੱਤਾ। ਜੋ ਉਦੇਸ਼ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਲੈ ਕੇ ਚੱਲੇ ਸਨ, ਉਹ ਉਦੇਸ਼ ਇਸ ਦਿਨ ਸਿਖ਼ਰ 'ਤੇ ਪੁੱਜ ਗਿਆ। ਇਹ ਕਿਹਾ ਜਾ ਸਕਦਾ ਹੈ ਕਿ 1699 ਦੀ ਵਿਸਾਖੀ ਚਮਤਕਾਰੀ ਰੂਪ 'ਚ ਆਈ, ਜੋ ਮਨੁੱਖੀ ਇਤਿਹਾਸ 'ਚ ਸਦਾ ਯਾਦ ਰਹੇਗੀ। ਗੁਰੂ ਗੋਬਿੰਦ ਸਿੰਘ ਦੁਆਰਾ ਖ਼ਾਲਸੇ ਦੀ ਸਾਜਣਾ ਸਿਰਫ਼ ਭਾਰਤ ਦੇ ਹੀ ਨਹੀਂ, ਸਗੋਂ ਦੁਨੀਆਂ ਦੇ ਇਤਿਹਾਸ ਵਿੱਚ ਇਕ ਨਿਵੇਕਲੀ ਘਟਨਾ ਸੀ। ਦਸਮ ਪਾਤਸ਼ਾਹ ਦੇ ਸਨਮੁੱਖ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਤੋਂ ਲੈ ਕੇ ਨੌਵੇਂ ਪਾਤਸ਼ਾਹ ਗੁਰੂ ਤੇਗ਼ ਬਹਾਦਰ ਤਕ ਸਿਰਜੇ ਮਨੁੱਖ ਨੂੰ ਸੰਪੂਰਨ ਰੂਪ ਦੇਣ ਦਾ ਮਹਾਨ ਕਾਰਜ ਸੀ। ਉਹ ਪੂਰਨ ਮਨੁੱਖ ਜਿਸ ਦੇ ਮਨ 'ਚ ਸਦਾ ਕਰਤਾਰ ਦੀ ਯਾਦ, ਸੱਚ ਲਈ ਜੂਝਣ ਦਾ ਚਾਅ, ਮਨੁੱਖਤਾ ਲਈ ਹਮਦਰਦੀ, ਦੁਸ਼ਟਾਂ ਦਾ ਖ਼ਾਤਮਾ ਕਰਨ ਲਈ ਤੇਗ਼ ਤੇ ਇਕ ਪਰਮਾਤਮਾ ਦੀ ਓਟ ਹੋਵੇ। ਇਸ ਕਾਰਜ ਦੀ ਸੰਪੂਰਨਤਾ ਲਈ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਸਮੇਂ ਦੀ ਰਾਜਸੀ, ਸਮਾਜਿਕ ਤੇ ਧਾਰਮਿਕ ਪੜਚੋਲ ਤੋਂ ਪਿੱਛੋਂ 1699 ਦੀ ਵਿਸਾਖੀ ਮੌਕੇ ਵੱਡੇ ਇਕੱਠ ਲਈ ਸਿੱਖ ਸੰਗਤਾਂ ਨੂੰ ਸੱਦੇ ਭੇਜੇ। ਉਨ੍ਹਾਂ ਦੇ ਵਿਸ਼ੇਸ਼ ਸੱਦੇ 'ਤੇ ਵੱਡੀ ਗਿਣਤੀ ਵਿੱਚ ਸੰਗਤਾਂ ਸ੍ਰੀ ਆਨੰਦਪੁਰ ਸਾਹਿਬ ਪੁੱਜੀਆਂ, ਜਿੱਥੇ ਸੰਗਤਾਂ ਦੇ ਇਕੱਠ 'ਚ ਗੁਰੂ ਜੀ ਨੇ ਖ਼ਾਲਸੇ ਦੀ ਸਾਜਣਾ ਕੀਤੀ। ਇਸ ਇਤਿਹਾਸਕ ਮੌਕੇ ਦਸਮ ਪਾਤਸ਼ਾਹ ਨੇ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਵਾਰੀ-ਵਾਰੀ ਪੰਜ ਸੀਸ ਮੰਗੇ ਸਨ। ਉਨ੍ਹਾਂ ਦੇ ਬਚਨਾਂ 'ਤੇ ਖਰਾ ਉਤਰਦਿਆਂ ਭਾਈ ਦਇਆ ਰਾਮ, ਭਾਈ ਧਰਮ ਦਾਸ, ਭਾਈ ਹਿੰਮਤ ਰਾਇ, ਭਾਈ ਮੋਹਕਮ ਚੰਦ ਤੇ ਭਾਈ ਸਾਹਿਬ ਚੰਦ ਨੇ ਆਪਣੇ ਸੀਸ ਭੇਟ ਕੀਤੇ। ਗੁਰੂ ਜੀ ਨੇ ਅੰਮ੍ਰਿਤ ਤਿਆਰ ਕੀਤਾ ਤੇ ਪੰਜਾਂ ਨੂੰ ਛਕਾਇਆ। ਪੰਜਾਂ ਦੇ ਨਾਂ ਨਾਲ 'ਸਿੰਘ' ਸ਼ਬਦ ਲਾਇਆ ਗਿਆ। ਫਿਰ ਗੁਰੂ ਜੀ ਨੇ ਬਚਨ ਕੀਤਾ, "ਅੱਜ ਤੋਂ ਤੁਹਾਡਾ ਨਵਾਂ ਜਨਮ ਹੋਇਆ ਹੈ। ਤੁਹਾਡੀਆਂ ਪਿਛਲੀਆਂ ਜਾਤਾਂ-ਗੋਤਾਂ ਸਭ ਖ਼ਤਮ ਤੇ ਅੱਜ ਤੋਂ ਤੁਸੀਂ ਵਾਹਿਗੁਰੂ ਜੀ ਦਾ ਖ਼ਾਲਸਾ ਹੋ। ਇੱਕ ਪਰਮਾਤਮਾ ਦੀ ਓਟ ਰੱਖਣੀ ਤੇ ਹੋਰ ਕਿਸੇ ਦੇਵੀ-ਦੇਂਤੇ, ਮੜ੍ਹੀ ਆਦਿ ਨੂੰ ਨਹੀਂ ਮੰਨਣਾ।" ਦਸਵੇਂ ਪਾਤਸ਼ਾਹ ਨੇ ਪੰਜ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਪਿੱਛੋਂ ਆਪ ਉਨ੍ਹਾਂ ਕੋਲੋਂ ਅੰਮ੍ਰਿਤ ਛਕਿਆ। ਇਹ ਦੁਨੀਆਂ ਦੇ ਇਤਿਹਾਸ 'ਚ ਇਕ ਵੱਖਰੀ ਰੀਤ ਸੀ, ਜਦੋਂ ਕਿਸੇ ਗੁਰੂ ਨੇ ਆਪਣੇ ਚੇਲਿਆਂ ਨੂੰ ਆਪਣਾ ਰੂਪ ਮੰਨਿਆ ਹੋਵੇ। ਕੋਈ ਵੀ ਕੌਮ ਆਪਣੀ ਜੀਵਨ-ਜਾਚ ਕਰਕੇ ਸੰਸਾਰ 'ਚ ਉੱਚਾ ਰੁਤਬਾ ਪਾਉਂਦੀ ਹੈ। ਸਤਿਗੁਰਾਂ ਨੇ ਖ਼ਾਲਸੇ ਨੂੰ ਆਪਣਾ ਖ਼ਾਸ ਰੂਪ ਕਿਹਾ ਤੇ ਅੰਮ੍ਰਿਤ ਛਕਾ ਕੇ ਸਿੱਖਾਂ ਦੇ ਜੀਵਨ 'ਤੇ ਆਪਣੀ ਸ਼ਖ਼ਸੀਅਤ ਦੀ ਡੂੰਘੀ ਛਾਪ ਲਾ ਦਿੱਤੀ। ਜਿਹੜੇ ਲੋਕ ਪੀੜ੍ਹੀਆਂ ਤੋਂ ਉੱਚ ਜਾਤੀਆਂ ਅੱਗੇ ਨਿਮਾਣੇ ਬਣ ਜੀਵਨ ਗੁਜ਼ਾਰ ਰਹੇ ਸਨ, ਉਹ ਗੁਰੂ ਜੀ ਦੀ ਕਿਰਪਾ ਸਦਕਾ ਸ਼ਕਤੀਸ਼ਾਲੀ ਯੋਧੇ ਤੇ ਸਰਦਾਰ ਬਣ ਗਏ। ਖ਼ਾਲਸੇ ਦੀ ਸਾਜਣਾ ਗੁਰੂ ਗੋਬਿੰਦ ਸਿੰਘ ਦਾ ਇੱਕ ਮਹਾਨ ਕਾਰਜ ਸੀ, ਜਿਸ ਨੂੰ ਵਿਦਵਾਨਾਂ ਨੇ ਕ੍ਰਾਂਤੀਕਾਰੀ ਤੇ ਇਤਿਹਾਸਕ ਕਦਮ ਦੱਸਿਆ। ਡਾ. ਗੰਡਾ ਸਿੰਘ ਅਨੁਸਾਰ 'ਗਊਆਂ ਸ਼ੇਰ ਬਣ ਗਈਆਂ ਤੇ ਵੱਢ ਖਾਣੇ ਜਾਨਵਰਾਂ ਦਾ ਹੁਣ ਕੋਈ ਖ਼ਤਰਾ ਨਾ ਰਿਹਾ।' ਡਾ. ਜੇ.ਐੱਸ. ਗਰੇਵਾਲ ਅਨੁਸਾਰ 'ਖ਼ਾਲਸੇ ਦੀ ਸਿਰਜਣਾ ਕਰ ਕੇ ਗੁਰੂ ਸਾਹਿਬ ਨੇ ਸਿੱਖ ਪੰਥ ਨੂੰ ਬਾਹਰ ਦੀ ਦਖ਼ਲਅੰਦਾਜ਼ੀ ਨੂੰ ਸ਼ਕਤੀ ਨਾਲ ਰੋਕਣ ਦੇ ਯੋਗ ਬਣਾ ਦਿੱਤਾ। ਸਿੱਖਾਂ ਨੂੰ ਜੀਵਨ ਬਲੀਦਾਨ ਕਰ ਕੇ ਆਪਣੇ ਅਧਿਕਾਰਾਂ ਦੀ ਰਾਖੀ ਦਾ ਰਾਹ ਦੱਸਿਆ।' ਡਾ. ਮੈਕਲੋਡ ਅਨੁਸਾਰ 'ਇਨ੍ਹਾਂ ਪੰਜ ਗੁਰਸਿੱਖਾਂ ਨਾਲ ਗੁਰੂ ਸਾਹਿਬ ਨੇ ਖ਼ਾਲਸਾ ਨਾਮੀ ਨਵੇਂ ਭਾਈਚਾਰੇ ਦੀ ਨੀਂਹ ਰੱਖੀ।' ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਨੇ ਖ਼ਾਲਸੇ ਦੀ ਸਾਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ-ਸਿਧਾਂਤ ਦਿੱਤਾ ਹੈ, ਜਿਹੜਾ ਹੁਣ ਤਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖਰਾਂ ਛੋਂਹਦਾ ਆ ਰਿਹਾ ਹੈ। ਸ਼ਹਾਦਤ ਦੀ ਭਾਵਨਾ ਤੇ ਸ਼ਕਤੀ, ਅਜਿਹੇ ਜੀਵਨ-ਸਿਧਾਂਤ ਵਿੱਚੋਂ ਹੀ ਉਪਜਦੀ ਹੈ। ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿੱਚ ਖ਼ਾਲਸੇ ਦੀ ਮਹਿਮਾ ਕਰਦੇ ਹੋਏ ਫ਼ੁਰਮਾਨ ਕਰਦੇ ਹਨ:–

**ਜੁੱਧ ਜਿਤੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੇ ਪ੍ਰਸਾਦਿ ਸੁ ਦਾਨ ਕਰੇ॥**
**ਅਘ ਅਉਘ ਟਰੇ ਇਨ ਹੀ ਕੇ ਪ੍ਰਸਾਦਿ ਇਨ ਹੀ ਕੀ ਕ੍ਰਿਪਾ ਫੁਨ ਧਾਮ ਭਰੇ॥**
**ਇਨ ਹੀ ਕੇ ਪ੍ਰਸਾਦਿ ਸੁ ਬਿੱਦਿਆ ਲਈ ਇਨ ਹੀ ਕੀ ਕ੍ਰਿਪਾ ਸਭ ਸ਼ੱਤ੍ਰ ਮਰੇ॥**
**ਇਨ ਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀ ਮੋਸੋ ਗਰੀਬ ਕਰੋਰ ਪਰੇ॥**

ਵਿਸਾਖੀ (ਖ਼ਾਲਸਾ ਸਿਰਜਣਾ ਦਿਵਸ) ਸਿੱਖ ਕੌਮ ਲਈ ਸਵੈ-ਪੜਚੋਲ ਦਾ ਦਿਨ ਹੈ। ਕੌਮੀ ਭਾਵਨਾ ਨੂੰ ਆਪਣੇ ਮਨ ਵਿੱਚ ਪ੍ਰਪੱਕ ਕਰਨ ਦਾ ਸੁਨੇਹਾ ਲੈ ਕੇ ਹਰ ਸਾਲ ਆਉਂਦਾ ਖ਼ਾਲਸਾ ਸਾਜਣਾ ਦਿਵਸ ਸਾਨੂੰ ਆਪਣੇ ਆਦਰਸ਼ਾਂ ਦੀ ਪ੍ਰਾਪਤੀ ਲਈ ਹਲੂਣਾ ਦਿੰਦਾ ਹੈ। ਹਰੇਕ ਗੁਰਸਿੱਖ ਲਈ ਬਾਣੀ ਤੇ ਬਾਣੇ ਦੇ ਧਾਰਨੀ ਹੋਣਾ, ਰਹਿਤ ਦੀ ਪ੍ਰਪੱਕਤਾ ਤੇ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਉਸ ਦੇ ਖ਼ਾਲਸਈ ਜੀਵਨ ਦਾ ਅਹਿਮ ਵਿਧਾਨ ਹੈ। ਭਵਿੱਖ ਦੀ ਨਵੀਂ ਪੀੜ੍ਹੀ ਨੂੰ ਅਜਿਹੇ ਗੌਰਵਮਈ ਵਿਰਸੇ ਨਾਲ ਜੋੜਨ ਲਈ ਗੁਰਮਤਿ ਵਿਚਾਰਧਾਰਾ ਦੇ ਧਾਰਨੀ ਬਣਾਉਣ ਲਈ ਮਾਤਾ-ਪਿਤਾ ਦਾ ਵੱਡਾ ਯੋਗਦਾਨ ਹੁੰਦਾ ਹੈ। ਇਸ ਕਾਰਜ ਲਈ ਹਰ ਗੁਰਸਿੱਖ ਨੂੰ ਵਿਅਕਤੀਗਤ ਰੂਪ ਵਿੱਚ ਤੇ ਹਰ ਸੰਸਥਾ ਨੂੰ ਸੰਸਥਾਗਤ ਰੂਪ ਵਿੱਚ ਉਪਰਾਲੇ ਕਰਨੇ ਚਾਹੀਦੇ ਹਨ।

**—ਵਰਿੰਦਰ ਕੌਰ**


ਸਭ ਨੂੰ ਵਿਸਾਖੀ ਦੀਆਂ ਲੱਖ ਲੱਖ ਵਧਾਈਆਂ

NASIR CLOTH STORE

ਅਸਲੀ ਪਾਕਿਸਤਾਨੀ ਸੂਤੀ, ਊਨੀ ਅਤੇ ਸਿਲਕ

We Provide Tailoring Services



Ladies & Gents
Party Wear
Bridal Wear
Suits
Sherwani

Special Pakistani
Wool, Cotton & Silk

T: 236-880-2870

#6 - 13791 - 72 Ave., Surrey BC

Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

TEL : 604 502 0441

ICBC Online and Delivery available.

ਪੰਜਾਬੀ
हिंदी

SURREY
(604) 502 - 0441
FAX (604) 502-0417
5-8430 128TH ST.
SURREY, BC
V3W 4G3
MON-FRI 8 AM - 8 PM
SATURDAY 9 AM - 6 PM
SUNDAY 9 AM - 5 PM

VANCOUVER
(604) 325 - 1241
FAX (604) 325-1414
4038 KNIGHT ST.
VANCOUVER, BC
V5N 5Y7
MON-FRI 9 AM - 8 PM
SATURDAY 9 AM - 5 PM
SUNDAY 9 AM - 5 PM

ICBC autoplan

OPEN 7 DAYS

www.goldkeyinsurance.ca


fruiticana hee jaana!
Happy Vaisakhi
ਵਿਸਾਖੀ ਦੀਆਂ ਲੱਖ ਲੱਖ ਵਧਾਈਆਂ
LOWEST PRICES IN TOWN
Extra Extra Super Special
RAJAN MANGOES
ਰਾਜਨ ਹੇਡਨ ਅੰਬ (HADEN) 4 kg
$11.98 BOX
*Number of pieces depends on the weight
Rapini (Sarson da Saag) ਸਰਸੋਂ ਦਾ ਸਾਗ $1.99 bunch
Large Eggplants ਵੱਡੇ ਬਤਾਊਂ 2 for $1.50
Red Onions 25 lbs ਲਾਲ ਗੰਢੇ $9.98 bag
Daikon ਮੂਲੀ 88¢ lb
Zucchini Squash ਜ਼ੁਕੀਨੀ ਸਕੁਐਸ਼ 88¢ lb
Nanak Paneer 341 g ਨਾਨਕ ਪਨੀਰ $3.99 pkg.
Nanak Rasmalai 3 Flavours 850 g ਨਾਨਕ ਰਸਮਲਾਈ ਵੱਖ-ਵੱਖ ਫਲੇਵਰ $6.99 pkg.
Nanak Desi Ghee 1.6 kg ਨਾਨਕ ਘਿਓ $19.99 ea.
Extra Super Super Special
Fresh Ginger ਤਾਜ਼ਾ ਅਦਰਕ 99¢ lb
Extra Super Super Special
Jumbo Cauliflower Size 9 ਵੱਡਾ ਗੋਬੀ ਦਾ ਫੁੱਲ ਸਾਈਜ਼ ੯ $1.98 ea.
Super Special
Roma Tomatoes ਟਮਾਟਰ ਰੋਮਾ 88¢ lb
Super Special
Yellow Onions 50 lbs ਪੀਲੇ ਗੰਢੇ $9.98 bag
Super Special
Indian Eggplants ਦੇਸੀ ਬਤਾਊਂ 99¢ lb
Super Special
Fresh Garlic ਤਾਜ਼ਾ ਲਸਣ 99¢ lb
Super Special
Indican Punjabi Cane White Sugar 8 lbs ਇੰਡੀਕੇਨ ਪੰਜਾਬੀ ਗੰਨੇ ਦੀ ਚਿੱਟੀ ਖੰਡ $3.99 bag
Super Special
Cilantro ਧਨੀਆ 3 bunches for 99¢
Green Cabbage ਹਰੀ ਬੰਦ ਗੋਭੀ 49¢ lb
Red Delicious Apples USA #1 ਲਾਲ ਸਵਾਦ ਸੇਬ ਯੂ.ਐਸ.ਏ #੧ 88¢ lb
Russet Potatoes Snoboy USA #1 10 lbs ਆਲੂ ਰਸਟ ਸਨੋਬੁਆਏ ਯੂ.ਐਸ.ਏ #੧ $2.99 bag
Large Seedless Oranges ਵੱਡੇ ਸੰਤਰੇ (ਬਿਨਾਂ ਬੀਜ ਤੋਂ) 88¢ lb
Gala Apples USA #1 ਗਾਲਾ ਸੇਬ ਯੂ.ਐਸ.ਏ #੧ 98¢ lb
Nanak Dahi Kebabs ਨਾਨਕ ਦਹੀ ਕਬਾਬ $6.99 pkg.
Indican Punjabi Biscuits 2.2 lbs ਇੰਡੀਕੇਨ ਪੰਜਾਬੀ ਬਿਸਕੁਟ $4.99 pkg.
Indican Brown Sugar 8 lbs ਇੰਡੀਕੇਨ ਭੂਰੀ ਖੰਡ $4.98 bag
KTC Pomace Olive Oil 3L ਕੇ.ਟੀ.ਸੀ ਜੈਤੂਨ ਪੌਮੇਸ ਦਾ ਤੇਲ $9.98 ea.
Golden Temple Flour 20 lbs ਗੋਲਡਨ ਟੈਂਪਲ ਆਟਾ $9.98 bag
Almonds ਬਦਾਮ $3.98 lb
Green Cardamom (Elaichi) MF ਹਰੀ ਇਲਾਇਚੀ (ਐਮ.ਐਫ) $26.99 lb
Indican Basmati Rice 8 lbs ਇੰਡੀਕੇਨ ਬਾਸਮਤੀ ਚੌਲ $6.98 bag
Product images may differ from the actual product.
Thur Apr 08, 2021 - Wed Apr 14, 2021
We reserve the right to limit the quantities while they last
Fruiticana SINCE 1994
Head Office: 7676 Anvil Way, Surrey
604-502-0005
www.fruiticana.com
BUSINESS HOURS 9 AM - 8 PM 7 DAYS A WEEK
Newton 13783 72nd Ave. Surrey 604-590-2080
Newton 13174 64th Ave. Surrey 604-598-9220
Scott Road 12047 80th Ave. Surrey 604-591-5032
Scott Road 104-7028 120th St. 604-590-8864
Cedar Hills 12867 96th Ave. Surrey 604-588-6620
Fleetwood 101-15933 Fraser Hwy 604-593-5163
Surrey 12990 72nd Ave. 604-503-5510
Surrey 12788 76A Ave. Surrey 604-597-1676
Surrey 16788 64 Ave. 604-372-2023
Surrey 101-7228 192St. 604-575-3750
Abbotsford 2785 Bourquin Crescent W. 604-744-0328
Abbotsford 31205 Maclure Rd. 604-504-5877
Port Coquitlam 2807 Shaughnessy St. 604-464-0822
Vancouver 6257 Fraser St. 604-321-9931
Richmond 4101 No.5 Rd. 604-244-9520